

समूह देशवासियों द्वारा लोकबाणी न्यूज पेपर को प्यार तथा सहयोग देने पर तहेदिल से धन्यवाद
अमन मेहरा संपादक

ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ

ਸੋਮਵਾਰ 08 ਅਪ੍ਰੈਲ 2024

R.N.I.Punpun/29016/2008 * ਸਾਲ 15 * ਅੰਕ : 318 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa 8194 828282

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਕਾਤਲ ਪਤੀ ਦਾ ਕਾਰਨਾਮਾ ਪਤਨੀ ਦੇ ਕੀਤੇ 200 ਟੁਕੜੇ

ਲੋਕ ਬਾਣੀ/ ਯੂ,ਕੇ

– ਕਾਤਲ ਨੇ ਪਹਿਲਾਂ ਬ੍ਰੈਮਲੀ ਦੇ ਨਵੇਂ ਕਤੂਰੇ ਨੂੰ ਵਾਸ਼ਿੰਗ ਮਸ਼ੀਨ ਵਿੱਚ ਛੱਡ ਮਾਰ ਦਿੱਤਾ ਸੀ। ਉਸਨੇ ਖੁਲਾਸਾ ਕੀਤਾ ਕਿ ਉਸਦੇ ਸਾਥੀ ਨੇ ਉਸਦੇ ਹੈਮਸਟਰਾਂ ਨੂੰ ਫੂਡ ਪ੍ਰੋਸੈਸਰ ਅਤੇ ਮਾਈਕ੍ਰੋਵੇਵ ਵਿੱਚ ਮਿਲਾ ਕੇ ਮਾਰਿਆ ਸੀ। ਉਹ ਇੱਕ ਵਾਰ ਆਪਣੇ ਪਾਲਤੂ ਖਰਗੋਸ਼ਾਂ ਨਾਲ ਪੁਲਿਸ ਸਟੇਸ਼ਨ ਭੱਜ ਗਈ ਸੀ ਤਾਂ ਜੋ ਉਨ੍ਹਾਂ ਨੂੰ ਅਜਿਹੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ ਕਤਲ ਤੋਂ ਬਾਅਦ ਪੁਲਿਸ ਨੇ ਜਦੋਂ ਪੁੱਛਿਆ ਤਾਂ ਕਾਤਲ ਪਤੀ ਨੇ ਪਤਨੀ ਨੂੰ ਕਮਰੇ ਵਿਚ ਹੀ ਹੋਣ ਦਾ ਦਾਅਵਾ ਕੀਤਾ ਪੁਲਿਸ ਨੂੰ ਸ਼ੱਕ ਹੋਣ ਤੇ ਕਾਤਲ ਪਤੀ ਨੂੰ ਕਾਬੂ ਕਰ ਲਿਆ ਗਿਆ

## ਪੰਜਾਬ ਪੁਲਿਸ ਨੇ ਅੱਜ ਅੰਮ੍ਰਿਤਪਾਲ ਸਿੰਘ ਦੀ ਮਾਤਾ ਸਮੇਤ ਕਈ ਹੋਰ ਬੀਬੀਆਂ ਨੂੰ ਕੀਤਾ ਗ੍ਰਿਫਤਾਰ

ਲੋਕ ਬਾਣੀ/ ਅਮ੍ਰਿਤਸਰ, ਲੋਕ ਬਾਣੀ

ਅੰਮ੍ਰਿਤਸਰ, -ਡਿਬਰੂਗੜ੍ਹ ਜੇਲ ਵਿਚ ਬੰਦ ਵਾਰਿਸ ਪੰਜਾਬ ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਅਤੇ ਕੁਝ ਹੋਰ ਬੀਬੀਆਂ ਨੂੰ ਪੁਲਿਸ ਵਲੋਂ ਹਿਰਾਸਤ ਵਿਚ ਲਿਆ ਗਿਆ ਹੈ। ਜ਼ਿਕਰ ਕਰ ਦਈਏ ਕਿ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਲਿਆਉਣ ਲਈ ਪਰਿਵਾਰ ਲਗਾਤਾਰ ਸੰਘਰਸ਼ ਕਰ ਰਿਹਾ ਹੈ। ਇਸ ਦੌਰਾਨ ਪਰਿਵਾਰ ਵਲੋਂ 8 ਤਰੀਕ ਨੂੰ ਚੇਤਨਾ ਮਾਰਚ ਕੀਤਾ ਜਾਣਾ ਸੀ ਪਰ ਪੰਜਾਬ ਪੁਲਿਸ ਨੇ ਉਸ ਤੋਂ ਪਹਿਲਾਂ ਹੀ ਮਾਤਾ ਬਲਵਿੰਦਰ ਕੌਰ ਤੇ ਚਾਚਾ ਸੁਖਚੈਨ ਸਿੰਘ ਨੂੰ ਵੀ ਹਿਰਾਸਤ 'ਚ ਲੈ ਲਿਆ।

## ਕਿਸਾਨ ਯੂਨੀਅਨਾਂ ਦੇ ਆਗੂਆਂ ਨੂੰ ਕੋਇੰਬਟੂਰ 'ਚ ਕੀਤਾ ਗਿਆ ਗ੍ਰਿਫਤਾਰ

ਲੋਕ ਬਾਣੀ/ ਸ਼ੰਭੂ ਬਾਰਡਰ (ਪਟਿਆਲਾ)



ਸ਼ੰਭੂ ਬਾਰਡਰ 'ਤੇ ਜਾਰੀ ਕਿਸਾਨ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਅੱਜ ਤਾਮਿਲਨਾਡੂ ਦੇ ਕੋਇੰਬਟੂਰ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸਣਯੋਗ ਹੈ ਕਿ ਸ਼ਹੀਦ ਕਿਸਾਨ ਸ਼ੁਭਕਰਨ ਸਿੰਘ ਨੂੰ ਸਮਰਪਿਤ ਤਾਮਿਲਨਾਡੂ ਵਿੱਚ ਕਲਸ਼ ਯਾਤਰਾ ਪਹਿਲਾਂ ਤੋਂ ਕੱਢੀ ਜਾ ਰਹੀ ਸੀ। ਭਾਵੇਂਕਿ ਉੱਥੋਂ ਦੀ ਪੁਲੀਸ ਨੇ ਚਾਰ ਦਿਨਾਂ ਤੋਂ ਜਾਰੀ ਕਲਸ਼ ਯਾਤਰਾ ਨੂੰ ਤਾਂ ਨਹੀਂ ਸੀ ਰੋਕਿਆ, ਪ੍ਰੰਤੂ ਅੱਜ ਜਦੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਜਾਣਾ ਸੀ ਤਾਂ ਇਸ ਵਿੱਚ ਸ਼ਿਰਕਤ ਕਰਨ ਪੁੱਜੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਮਨਜੀਤ ਸਿੰਘ ਰਾਏ ਸਮੇਤ ਕੁਝ ਹੋਰਨਾਂ ਆਗੂਆਂ ਨੂੰ ਕੋਇੰਬਟੂਰ ਪੁਲੀਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਜਾਣਕਾਰੀ ਅੱਜ ਇੱਥੋਂ ਸ਼ੰਭੂ ਮੋਰਚੇ ਤੋਂ ਭਾਰਤੀ ਕਿਸਾਨ ਤੇ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਮਨਜੀਤ ਸਿੰਘ ਘੁਮਾਣਾ ਨੇ ਦਿੱਤੀ।

## ਦਰਦਨਾਕ ਸੜਕ ਹਾਦਸੇ ਦੌਰਾਨ ਚਾਰ ਦੀ ਹੋਈ ਮੌਤ

ਲੋਕ ਬਾਣੀ/ ਕਪੂਰਥਲਾ

ਫੱਤੂਢੀਂਗਾ ਨੇੜੇ ਇਕ ਮਹਿੰਦਰਾ ਬਲੈਰੋ ਗੱਡੀ ਤੇ ਕਾਰ ਦੀ ਹੋਈ ਟੱਕਰ ਦਰਮਿਆਨ ਕੁਝ ਬੱਚਿਆਂ ਅਤੇ ਔਰਤਾਂ ਸਮੇਤ 25 ਦੇ ਕਰੀਬ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ, ਜਦਕਿ 2 ਔਰਤਾਂ ਸਮੇਤ 4 ਵਿਅਕਤੀਆਂ ਦੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਕਪੂਰਥਲਾ ਵਿਖੇ ਦਾਖਲ ਕਰਵਾਇਆ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਮਹਿੰਦਰਾ ਬਲੈਰੋ ਗੱਡੀ ਵਿਚ ਸਵਾਰ ਵਿਅਕਤੀ ਤਰਨਤਾਰਨ ਜ਼ਿਲ੍ਹੇ ਦੇ ਨਾਰਲੀ ਪਿੰਡ ਨਾਲ ਸੰਬੰਧਿਤ ਹਨ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਮੱਥਾ ਟੇਕਣ ਉਪਰੰਤ ਵਾਪਿਸ ਪਿੰਡ ਪਰਤ ਰਹੇ ਸਨ ਤੇ ਰਸਤੇ ਵਿਚ ਕਾਰ ਨਾਲ ਟੱਕਰ ਹੋ ਜਾਣ ਕਾਰਨ ਇਹ ਹਾਦਸਾ ਵਾਪਰਿਆ।

## ਉੱਚੀਆਂ ਪਹਾੜੀਆਂ ਤੇ ਹੋਈ ਤਾਜ਼ਾ ਬਰਫਬਾਰੀ

ਲੋਕ ਬਾਣੀ/ ਮਨਾਲੀ



ਮਨਾਲੀ ਅਤੇ ਲਾਹੌਲ ਵਿਚ ਇਕ ਵਾਰ ਫਿਰ ਮੌਸਮ ਨੇ ਕਰਵਟ ਲਈ ਹੈ। ਹਿਮਾਚਲ ਦੇ ਸਾਰੇ ਪਹਾੜੀ ਇਲਾਕੇ ਬਰਫ਼ ਨਾਲ ਢੱਕੇ ਹੋਏ ਹਨ। ਰੋਹਤਾਂਗ, ਸ਼ਿੰਕੁਲਾ, ਬਰਾਲਾਚਾ, ਕੁੰਜਮ ਦੱਰੇ ਸਮੇਤ ਉੱਚੀਆਂ ਚੋਟੀਆਂ 'ਤੇ ਤਾਜ਼ਾ ਬਰਫਬਾਰੀ ਹੋਈ ਹੈ। ਉਥੇ ਹੀ ਮੈਦਾਨੀ ਇਲਾਕਿਆਂ 'ਚ ਹਲਕੀ ਬਾਰਿਸ਼ ਹੋਈ ਹੈ, ਜਿਸ ਕਾਰਨ ਸੂਬੇ 'ਚ ਇਕ ਵਾਰ ਫਿਰ ਠੰਢ ਵਧ ਗਈ ਹੈ।

## ਟੀਐਮਸੀ ਦੇ ਆਗੂ ਦੀ ਪਤਨੀ ਨੇ ਕਰਵਾਈ ਐਨਆਈਏ ਦੀ ਟੀਮ ਖਿਲਾਫ ਐੱਫ ਆਈ ਆਰ

ਲੋਕ ਬਾਣੀ/ ਕੋਲਕਾਤਾ

ਤ੍ਰਿਣਮੂਲ ਕਾਂਗਰਸ ਦੇ ਗ੍ਰਿਫ਼ਤਾਰ ਆਗੂ ਮਨੋਬ੍ਰਤ ਜਨਾ ਦੀ ਪਤਨੀ ਨੇ ਕੌਮੀ ਜਾਂਚ ਏਜੰਸੀ ਦੇ ਅਧਿਕਾਰੀਆਂ ਖ਼ਿਲਾਫ਼ ਇਕ ਐੱਫਆਈਆਰ ਦਰਜ ਕਰਵਾਈ ਹੈ। ਇਹ ਜਾਣਕਾਰੀ ਅੱਜ ਇਕ ਪੁਲੀਸ ਅਧਿਕਾਰੀ ਨੇ ਦਿੱਤੀ। ਮੋਨੀ ਜਨਾ ਨੇ ਐੱਫਆਈਆਰ ਵਿੱਚ ਦੋਸ਼ ਲਾਇਆ ਹੈ ਕਿ ਅਧਿਕਾਰੀਆਂ ਨੇ ਜਾਂਚ ਬਹਾਨੇ ਭੂਪਤਨੀਨਗਰ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿੱਚ ਜਬਰੀ ਵੜ ਕੇ ਉਨ੍ਹਾਂ ਦੇ ਸਨਮਾਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਐੱਨਆਈਏ ਅਧਿਕਾਰੀਆਂ 'ਤੇ ਘਰ ਵਿੱਚ ਵੜ ਕੇ ਭੰਨ੍ਹਤੋੜ ਕਰਨ ਦਾ ਦੋਸ਼ ਵੀ ਲਗਾਇਆ ਹੈ।

## ਪੰਜਾਬ ਵਿੱਚ ਵੱਡੇ ਪੱਧਰ ਤੇ ਹੋ ਰਿਹਾ ਹੈ ਬੀਜੇਪੀ ਉਮੀਦਵਾਰਾਂ ਦਾ ਵਿਰੋਧ

ਲੋਕ ਬਾਣੀ/ ਜਲੰਧਰ, ਹਰਬੰਸ ਬਿੱਟੂ



ਲੋਕ ਸਭਾ ਹਲਕਾ ਪਟਿਆਲਾ ਤੋਂ ਭਾਜਪਾ ਉਮੀਦਵਾਰ ਪਰਨੀਤ ਕੌਰ ਨੇ ਆਪਣੀ ਚੋਣ ਮੁਹਿੰਮ ਦਾ ਆਗਾਜ਼ ਪਾਤੜਾਂ ਵਿੱਚ ਬੂਥ ਪੱਧਰ ਦਾ ਇਕੱਠ ਕਰ ਕੇ ਕੀਤਾ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਨੇ ਭਾਜਪਾ ਉਮੀਦਵਾਰ ਤੇ ਪਾਰਟੀ ਆਗੂਆਂ ਨੂੰ ਕਾਲੀਆਂ ਝੰਡੀਆਂ ਦਿਖਾਉਂਦਿਆਂ ਭਾਜਪਾ ਖ਼ਿਲਾਫ ਨਾਅਰੇਬਾਜ਼ੀ ਕੀਤੀ। ਇਸ ਦੇ ਬਾਵਜੂਦ ਪ੍ਰਨੀਤ ਮੁਸਕਰਾਉਂਦੇ ਤੇ ਹੱਥ ਹਿਲਾਉਂਦੇ ਹੋਏ ਪੁਲੀਸ ਵੱਲੋਂ ਕੀਤੀ ਬੈਰੀਕੇਡਿੰਗ ਤੋਂ ਅੱਗੇ ਪੈਦਲ ਚੱਲ ਕੇ ਗਏ। ਕਿਸਾਨ ਜਥੇਬੰਦੀਆਂ ਉਸ ਸਮੇਂ ਪੂਰੇ ਜੋਸ਼ ਵਿੱਚ ਆ ਗਈਆਂ ਜਦੋਂ ਕਿਸਾਨ ਅੰਦੋਲਨ 'ਤੇ ਤਿੱਖੇ ਵਾਰ ਕਰਨ ਵਾਲੇ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਦਾ ਸਮਾਗਮ ਵਾਲੀ ਥਾਂ 'ਤੇ ਆਉਣਾ ਹੋਇਆ।

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪ੍ਰੀਖਿਆ ਪਾਸ ਕਰਨ ਦੇ ਬਦਲੇ ਸਰੀਰਕ ਸਬੰਧ ! ਪ੍ਰੋਫੈਸਰ ਦੀ ਮੰਗ ‘ਤੇ ਵਿਦਿਆਰਥਣਾਂ ‘ਚ ਦਹਿਸ਼ਤ ਦਾ ਮਾਹੌਲ

## ਤਿੰਨ ਵਿਦਿਆਰਥਣਾਂ ਦੀ ਲਿਖਤੀ ਸ਼ਿਕਾਇਤ ‘ਤੇ ਸਰੀਰਕ ਸ਼ੋਸ਼ਣ ਦੀਆਂ ਧਾਰਾਵਾਂ ਤਹਿਤ ਪ੍ਰੋਫੈਸਰ ਖਿਲਾ.ਫ ਕੇਸ ਦਰਜ

ਲੋਕ ਬਾਣੀ



ਕੋਲਕਾਤਾ ਦੀ ਵਿਸ਼ਵ-ਭਾਰਤੀ ਯੂਨੀਵਰਸਿਟੀ ਦੀਆਂ ਤਿੰਨ ਵਿਦਿਆਰਥਣਾਂ ਨੇ ਆਪਣੇ ਪ੍ਰੋਫੈਸਰ ‘ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਹੈ। ਵਿਦਿਆਰਥਣਾਂ ਦਾ ਦੋਸ਼ ਹੈ ਕਿ ਪ੍ਰੋਫੈਸਰ ਉਨ੍ਹਾਂ ਨੂੰ ਗਲਤ ਇਰਾਦੇ ਨਾਲ ਛੂਹਦਾ ਹੈ ਅਤੇ ਕਲਾਸ ਵਿੱਚ ਕਈ ਵਾਰ ਅਜਿਹਾ ਕਰ ਚੁੱਕਾ ਹੈ।

ਇੰਨਾ ਹੀ ਨਹੀਂ ਪ੍ਰੋਫੈਸਰ ਨੇ ਹੱਦ ਤਾਂ ਉਦੋਂ ਪਾਰ ਕਰ ਦਿੱਤੀ ਜਦੋਂ ਉਸ ਨੇ ਪ੍ਰੀਖਿਆ ਪਾਸ ਕਰਨ ਦੇ ਬਦਲੇ ਸਰੀਰਕ ਸਬੰਧਾਂ ਦੀ ਮੰਗ ਕੀਤੀ। ਤੰਗ ਆ ਕੇ ਵਿਦਿਆਰਥਣਾਂ ਨੇ ਇਸ ਮਾਮਲੇ ਦੀ ਸ਼ਿਕਾਇਤ ਕਾਲਜ ਪ੍ਰਸ਼ਾਸਨ ਅਤੇ ਪੁਲਿਸ ਨੂੰ ਕੀਤੀ ਹੈ।

ਪੁਲਿਸ ਅਨੁਸਾਰ ਵਿਦਿਆਰਥਣਾਂ ਦੇ ਬਿਆਨ ਲੈ ਕੇ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਦੋਸ਼ੀ ਪ੍ਰੋਫੈਸਰ ਨੇ ਸਾਰੇ ਦੋਸ਼ਾਂ ਤੋਂ ਪੂਰੀ ਤਰ੍ਹਾਂ ਇਨਕਾਰ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਫਿਲਹਾਲ ਗੈਸਟ ਪ੍ਰੋਫੈਸਰ ਹੈ।

ਇਸ ਮਾਮਲੇ ਵਿੱਚ ਪੁਲੀਸ ਨੇ ਤਿੰਨ ਵਿਦਿਆਰਥਣਾਂ ਦੀ ਲਿਖਤੀ ਸ਼ਿਕਾਇਤ ‘ਤੇ ਸਰੀਰਕ ਸ਼ੋਸ਼ਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਦੋਸ਼ ਹੈ ਕਿ ਪ੍ਰੋਫੈਸਰ ਨੇ ਪਹਿਲੇ ਸਮੈਸਟਰ ਦੀ ਪ੍ਰੀਖਿਆ ਪਾਸ ਕਰਨ ਦਾ ਵਾਅਦਾ ਕੀਤਾ ਸੀ, ਜਿਸ ਦੇ ਬਦਲੇ ਉਹ ਸਰੀਰਕ ਸਬੰਧ ਬਣਾਉਣ ਦੀ ਮੰਗ ਕਰ ਰਿਹਾ ਸੀ।

ਪੁਲਿਸ ਨੂੰ ਮਿਲੀ ਸ਼ਿਕਾਇਤ ਅਨੁਸਾਰ ਪੀੜਤ ਵਿਦਿਆਰਥਣਾਂ ਯੂਨੀਵਰਸਿਟੀ ਦੇ ਫ਼ਾਰਸੀ, ਉਰਦੂ ਅਤੇ ਇਸਲਾਮਿਕ ਸਟੱਡੀਜ਼ ਵਿਭਾਗ ਦੀਆਂ ਹਨ। ਹੁਣ ਤੱਕ ਦੀ ਜਾਂਚ ਵਿੱਚ ਵਿਦਿਆਰਥਣਾਂ ਨੇ ਪੁਲਿਸ ਨੂੰ ਪ੍ਰੋਫੈਸਰ ਵੱਲੋਂ ਵਟਸਐਪ ‘ਤੇ ਭੇਜੇ ਗਏ ਅਸ਼ਲੀਲ ਮੈਸੇਜ ਵੀ ਦਿਖਾਏ ਹਨ। ਪੁਲਿਸ ਇਸ ਮਾਮਲੇ ਵਿੱਚ ਸਾਈਬਰ ਮਾਹਿਰਾਂ ਦੀ ਵੀ ਮਦਦ ਲੈ ਰਹੀ ਹੈ। ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਵਿਦਿਆਰਥਣਾਂ ਨੂੰ ਕਿਸ ਆਈਪੀ ਐਡਰੈੱਸ ਤੋਂ ਮੈਸੇਜ ਭੇਜੇ ਗਏ ਸਨ।

ਵਿਦਿਆਰਥਣਾਂ ਦਾ ਦੋਸ਼ ਹੈ ਕਿ ਪ੍ਰੋਫੈਸਰ ਨੇ ਉਨ੍ਹਾਂ ਨੂੰ ਸਰੀਰਕ ਸਬੰਧ ਨਾ ਬਣਾਉਣ ਲਈ ਫੇਲ ਹੋਣ ਦੀ ਧਮਕੀ ਵੀ ਦਿੱਤੀ ਸੀ। ਵਿਸ਼ਵ ਭਾਰਤੀ ਯੂਨੀਵਰਸਿਟੀ ਵੀ ਇਸ ਮਾਮਲੇ ਦੀ ਆਪਣੀ ਵੱਖਰੀ ਜਾਂਚ ਕਰ ਰਹੀ ਹੈ।

ਕਾਲਜ ਪ੍ਰਸ਼ਾਸਨ ਮੁਤਾਬਕ ਵਿਦਿਆਰਥਣਾਂ ਨੂੰ ਅਜਿਹੇ ਮਾਮਲਿਆਂ ਵਿੱਚ ਤੁਰੰਤ ਕਾਲਜ ਦੀ ਅੰਦਰੂਨੀ ਸ਼ਿਕਾਇਤ ਕਮੇਟੀ ਕੋਲ ਸ਼ਿਕਾਇਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਅਜਿਹੇ ਮਾਮਲਿਆਂ ਵਿੱਚ ਸ਼ਿਕਾਇਤ ਮਿਲਣ ਤੋਂ ਬਾਅਦ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਮਰਹੂਮ ਸ਼ਾਇਰ ਅਨਿਲ ਆਦਮ ਦੀ ਯਾਦ ‘ਚ ਵਿਸ਼ਾਲ ਸਾਹਿਤਕ ਸਮਾਗਮ 21 ਅਪ੍ਰੈਲ ਨੂੰ

ਲੋਕ ਬਾਣੀ



ਫਿਰੋਜ਼ਪੁਰ- ਪੰਜਾਬੀ ਦੇ ਮਰਹੂਮ ਸ਼ਾਇਰ ਅਨਿਲ ਆਦਮ ਦੀ ਯਾਦ ਵਿੱਚ ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ ਵੱਲੋਂ ਇੱਕ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਅਨਿਲ ਆਦਮ ਦੀ ਨਵੀਂ ਛਪੀ ਕਾਵਿ ਕਿਤਾਬ 26 ਸਾਲ ਬਾਅਦ ਲੋਕ ਅਰਪਿਤ ਕੀਤੀ ਜਾਵੇਗੀ।

ਇਸ ਸਬੰਧੀ ‘ਪੰਜਾਬੀ ਜਾਗਰਨ’ ਨਾਲ ਜਾਣਕਾਰੀ ਸਾਂਝੀ ਕਰਦਿਆਂ ਮਸ਼ਹੂਰ ਪੰਜਾਬੀ ਕਵੀ ਹਰਮੀਤ ਵਿਦਿਆਰਥੀ ਨੇ ਦੱਸਿਆ ਕਿ 21 ਅਪ੍ਰੈਲ ਦਿਨ ਐਤਵਾਰ ਸਵੇਰੇ ਸਾਢੇ ਦਸ ਵਜੇ ਫ਼ਿਰੋਜ਼ਪੁਰ ਦੀ ਜ਼ਿਲ੍ਹਾ ਲਾਇਬ੍ਰੇਰੀ ਵਿੱਚ ਕਰਵਾਏ ਜਾ ਰਹੇ ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਆਲੋਚਕ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਪ੍ਰਧਾਨ ਡਾ.ਸੁਖਦੇਵ ਸਿੰਘ ਸਿਰਸਾ ਕਰਨਗੇ ਜਦੋਂਕਿ ਮੁੱਖ ਮਹਿਮਾਨ ਸਾਹਿਤ ਅਕੈਡਮੀ ਸਨਮਾਨ ਪ੍ਰਾਪਤ ਸ਼ਾਇਰ ਸਵਰਨਜੀਤ ਸਵੀ ਹੋਣਗੇ।

ਉੱਘੇ ਸ਼ਾਇਰ ਅਤੇ ਆਲੋਚਕ ਹਰਵਿੰਦਰ ਭੰਡਾਲ ਅਤੇ ਮਨਜੀਤ ਪੁਰੀ ਇਸ ਪੁਸਤਕ ਬਾਰੇ ਪੇਪਰ ਪੜ੍ਹਨਗੇ। ਪ੍ਰੋ.ਗੁਰਤੇਜ ਕੋਹਾਰਵਾਲਾ ਅਨਿਲ ਆਦਮ ਦੀਆਂ ਕਵਿਤਾਵਾਂ ਦਾ ਪਾਠ ਕਰਨਗੇ।

ਪ੍ਰੋ.ਜਸਪਾਲ ਘਈ , ਗੁਰਮੀਤ ਕੜਿਆਲਵੀ , ਪ੍ਰੋ ਕੁਲਦੀਪ , ਸੱਤਪਾਲ ਭੀਖੀ, ਉਮ ਪ੍ਰਕਾਸ਼ ਸਰੋਏ ਅਨਿਲ ਆਦਮ ਦੀ ਸਖ਼ਸ਼ੀਅਤ ਅਤੇ ਉਸ ਨਾਲ ਜੁੜੀਆਂ ਆਪਣੀਆਂ ਯਾਦਾਂ ਬਾਰੇ ਵਿਚਾਰ ਰੱਖਣਗੇ। ਆਏ ਮਹਿਮਾਨਾਂ ਦਾ ਸੁਆਗਤ ਡਾ.ਪਰਮਵੀਰ ਗੋਦਾਰਾ ਅਤੇ ਧੰਨਵਾਦ ਡਾ. ਜਗਦੀਪ ਸਿੰਘ ਸੰਧੂ ਕਰਨਗੇ। ਸਮੁੱਚੇ ਸਮਾਗਮ ਦਾ ਸੰਚਾਲਨ ਨੌਜਵਾਨ ਆਲੋਚਕ ਅਤੇ ਅਨੁਵਾਦਕ ਸੁਖਜਿੰਦਰ ਕਰਨਗੇ।

ਕਲਾਪੀਠ ਦੇ ਮੈਂਬਰਾਂ ਰਾਜੀਵ ਖ਼ਿਆਲ , ਸੁਰਿੰਦਰ ਕੰਬੋਜ, ਸੰਦੀਪ ਚੌਧਰੀ , ਸੁਖਵਿੰਦਰ ਭੁੱਲਰ, ਲਾਲ ਸਿੰਘ ਸੁਲਹਾਣੀ , ਸੁਰਿੰਦਰ ਢਿੱਲੋਂ , ਸਰਬਜੀਤ ਸਿੰਘ ਭਾਵੜਾ ਸੁਖਦੇਵ ਭੱਟੀ ਅਤੇ ਹਰਮੀਤ ਵਿਦਿਆਰਥੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਇਸ ਸਮਾਗਮ ਵਿੱਚ ਸਮੁੱਚੇ ਪੰਜਾਬ ਤੋਂ ਅਨਿਲ ਆਦਮ ਅਤੇ ਉਸਦੀ ਕਵਿਤਾ ਨੂੰ ਪਿਆਰ ਕਰਨ ਵਾਲੇ ਲੇਖਕ , ਬੁੱਧੀਜੀਵੀ ਅਤੇ ਸਾਹਿਤ ਪ੍ਰੇਮੀ ਭਾਗ ਲੈਣਗੇ।

# Fake ਖ਼ਬਰਾਂ ਫੈਲਾਉਣ ਵਾਲਾ ਪੱਤਰਕਾਰ ਗ੍ਰਿਫਤਾਰ

ਲੋਕ ਬਾਣੀ

ਇਨ੍ਹੀਂ ਦਿਨੀਂ ਦੇਸ਼ ਭਰ ‘ਚ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਜ਼ੋਰਾਂ ‘ਤੇ ਹਨ। ਹਾਲਾਂਕਿ, ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (EVM) ‘ਤੇ ਵੀ ਕੁਝ ਸਵਾਲ ਉਠਾਏ ਜਾ ਰਹੇ ਹਨ। ਵਿਰੋਧੀ ਪਾਰਟੀਆਂ ਇਸ ਨੂੰ ਲੈ ਕੇ ਆਵਾਜ਼ ਬੁਲੰਦ ਕਰ ਰਹੀਆਂ ਹਨ। ਇਸ ਦੌਰਾਨ, ਪੁਲਿਸ ਨੇ ਇੱਕ ਯੂਟਿਊਬਰ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ‘ਤੇ ਈਵੀਐਮ ਬਾਰੇ ਜਾਅਲੀ ਖ਼ਬਰਾਂ ਸਾਂਝੀਆਂ ਕਰਨ ਦਾ ਦੋਸ਼ ਹੈ। ਜਾਣਕਾਰੀ ਮੁਤਾਬਕ ਕੇਰਲ ਦੇ ਇਕ ਯੂਟਿਊਬਰ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਬਾਰੇ ਫਰਜ਼ੀ ਖਬਰਾਂ ਫੈਲਾਈਆਂ ਸਨ। ਇਸ ਦੋਸ਼ ‘ਚ ਯੂ-ਟਿਊਬ ਚੈਨਲ ਦੇ ਮਾਲਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੀਟੀਆਈ ਦੀ ਰਿਪੋਰਟ ਮੁਤਾਬਕ ਯੂਟਿਊਬ ਚੈਨਲ ਵੇਨਿਸ ਟੀਵੀ ਐਂਟਰਟੇਨਮੈਂਟ ਦੇ ਮਾਲਕ ਖ਼ਿਲਾ.ਫ ਕੇਸ ਦਰਜ ਕੀਤਾ ਗਿਆ ਹੈ। ਉਸ ਨੇ ਈਵੀਐਮ ਵਿੱਚ ਧੋਖਾਧੜੀ ਦਾ ਦੋਸ਼ ਲਗਾ ਕੇ ਇਸ ਦਾ ਪ੍ਰਚਾਰ ਕੀਤਾ ਸੀ। ਇਸ ਯੂਟਿਊਬ ਚੈਨਲ ਦੇ 1.5 ਲੱਖ ਤੋਂ ਵੱਧ ਸਬਸਕ੍ਰਾਈਬਰ ਹਨ। ਅਲਾਪੁਝਾ ਦੱਖਣੀ ਪੁਲਸ ਨੇ ਇਸ ਮਾਮਲੇ ‘ਚ ਮਾਮਲਾ ਦਰਜ ਕਰ ਲਿਆ ਹੈ। ਇਸ ਯੂਟਿਊਬ ਚੈਨਲ ਦਾ ਮਾਲਕ ਕਥਿਤ ਤੌਰ ‘ਤੇ ਬੈਲਟ ਪੇਪਰ ਰਾਹੀਂ ਆਮ ਚੋਣਾਂ ਕਰਵਾਉਣ ਲਈ ਪ੍ਰਚਾਰ ਕਰ ਰਿਹਾ ਸੀ। ਪੁਲਿਸ ਦਾ ਕਹਿਣਾ ਹੈ ਕਿ ਇਹ ਖ਼ਬਰ ਸਮਾਜ ਵਿੱਚ ਦਰਾਰ ਅਤੇ ਤਣਾਅ ਪੈਦਾ ਕਰ ਸਕਦੀ ਹੈ। ਇਸ ਖਬਰ ਨੂੰ ਸਾਂਝਾ ਕਰਨ ਪਿੱਛੇ ਮਕਸਦ ਕੁਝ ਇਸ ਤਰ੍ਹਾਂ ਦਾ ਸੀ। ਪੁਲਿਸ ਦਾ ਇਹ ਵੀ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਨਲਾਈਨ ਸਮੱਗਰੀ ‘ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਇਸ ਨੂੰ ਲੈ ਕੇ ਕੇਰਲ ‘ਚ ਰਾਜ, ਜ਼ਿਲਾ ਅਤੇ ਰੇਂਜ ਪੱਧਰ ‘ਤੇ ਸੋਸ਼ਲ ਮੀਡੀਆ ਖਾਤਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਯੂਟਿਊਬਰਾਂ ਅਤੇ ਸੋਸ਼ਲ ਮੀਡੀਆ ਉਪਭੋਗਤਾਵਾਂ ਨੂੰ ਕਿਸੇ ਵੀ ਕਿਸਮ ਦੀ ਜਾਅਲੀ ਖ਼ਬਰਾਂ ਨੂੰ ਸਾਂਝਾ ਨਾ ਕਰਨ ਦੀ ਬੇਨਤੀ ਕੀਤੀ ਹੈ। ਫਰਜ਼ੀ ਖਬਰਾਂ ਦੇ ਡਰ ਨੂੰ ਦੇਖਦੇ ਹੋਏ ਪੁਲਸ ਨੇ ਵੱਖ-ਵੱਖ ਸਾਈਬਰ ਪੈਟਰੋਲਿੰਗ ਅਫਸਰਾਂ ਦੇ ਨੰਬਰ ਵੀ ਸਾਂਝੇ ਕੀਤੇ ਹਨ। ਨਾਲ ਹੀ, ਸੋਸ਼ਲ ਮੀਡੀਆ ਦੀ ਨਿਗਰਾਨੀ ਕਰਨ ਵਾਲੀਆਂ ਟੀਮਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਜੇਕਰ ਕੋਈ ਇਤਰਾਜ਼ਯੋਗ ਸਮੱਗਰੀ ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਬਾਰੇ ਸੂਚਿਤ ਕੀਤਾ ਜਾਵੇ। ਤੁਹਾਨੂੰ ਦੱਸ ਦੇਈਏ ਕਿ ਕੇਰਲ ਵਿੱਚ 26 ਅਪ੍ਰੈਲ ਨੂੰ ਲੋਕ ਸਭਾ ਚੋਣਾਂ ਹੋਣੀਆਂ ਹਨ।

# ਸਰਕਾਰੀ ਸਕੂਲਾਂ 'ਚ 700 ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖ਼ਾਲੀ- GSLU ਦਾ ਵੱਡਾ ਦਾਅਵਾ

ਲੋਕ ਬਾਣੀ/ ਮੋਹਾਲੀ:



ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਦੀ ਸੂਬਾ ਪੱਧਰੀ ਜ਼ੂਮ ਮੀਟਿੰਗ ਸੂਬਾ ਪ੍ਰਧਾਨ ਸੰਜੀਵ ਕੁਮਾਰ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਲੈਕਚਰਾਰ ਕਾਡਰ ਦੇ ਮਸਲਿਆਂ 'ਤੇ ਵਿਚਾਰ ਕਰਨ ਦੇ ਨਾਲ਼ ਨਾਲ਼ ਭਵਿੱਖ ਵਿੱਚ ਜਥੇਬੰਦੀ ਦੀ ਰੂਪ ਰੇਖਾ ਨੂੰ ਵਿਚਾਰਿਆ ਗਿਆ।

ਇਸ ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੰਜੀਵ ਕੁਮਾਰ ਨੇ ਦਾਅਵਾ ਕਰਦਿਆਂ ਦੱਸਿਆ ਕਿ ਪੰਜਾਬ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 700 ਦੇ ਕਰੀਬ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖ਼ਾਲੀ ਹਨ ਇਸ ਦੇ ਨਾਲ਼ ਹੀ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਅਧਿਆਪਕਾ ਦੀ ਸੀਨੀਅਰਤਾ ਸੂਚੀ ਬਣਾਉਣ ਦਾ ਕੰਮ ਪਿਛਲੇ ਲੰਮੇ ਸਮੇਂ ਤੋਂ ਲਟਕ ਰਿਹਾ ਹੈ।

ਜਿਸ ਕਾਰਨ ਲੈਕਚਰਾਰਾਂ ਦੀਆਂ 13913 ਅਸਾਮੀਆਂ ਵਿੱਚੋਂ ਅੱਧੇ ਤੋਂ ਵੱਧ ਖ਼ਾਲੀ ਹਨ। ਜਿਸ ਨਾਲ਼ ਵਿਦਿਆਰਥੀਆਂ ਦੀ ਸਿੱਖਿਆ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ ? ਬਹੁਤ ਸਾਰੇ ਸਕੂਲਾਂ ਵਿੱਚ ਨਵੀਆਂ ਸਟ੍ਰੀਮਜ਼ ਦੇਣ ਵੇਲੇ ਪੂਰੀਆਂ ਅਸਾਮੀਆਂ ਨਹੀਂ ਦਿੱਤੀਆਂ ਗਈਆਂ। ਜਿਸ ਕਾਰਨ ਵਿਦਿਆਰਥੀਆਂ ਨੂੰ ਮਾਹਿਰ ਲੈਕਚਰਾਰ ਨਹੀਂ ਮਿਲ਼ ਰਹੇ। ਉਨ੍ਹਾਂ ਕਿਹਾ ਕਿ ਲੈਕਚਰਾਰ ਕਾਡਰ ਦੀਆਂ ਮੁੱਖ ਮੰਗਾਂ ਜਿਵੇਂ ਵਿਭਾਗੀ ਤਰੱਕੀਆਂ, ਵਿਭਾਗੀ ਟੈਸਟ, ਰਿਵਰਸ਼ਨ ਜ਼ੋਨ ਦੀਆਂ ਸਮੱਸਿਆਵਾਂ ਅਤੇ ਵਿੱਤੀ ਮਸਲਿਆਂ ਨਾਲ਼ ਸੰਬੰਧਿਤ ਸਮੱਸਿਆਵਾਂ ਉੱਤੇ ਵਿਚਾਰ ਚਰਚਾ ਕੀਤੀ ਗਈ ?

ਸੂਬਾ ਪ੍ਰਧਾਨ ਸੰਜੀਵ ਕੁਮਾਰ ਨੇ ਦੱਸਿਆ ਕਿ ਯੂਨੀਅਨ ਦੇ ਸੰਗਠਿਨ ਦੀ ਮਿਆਦ ਖ਼ਤਮ ਹੋ ਚੁੱਕੀ ਹੈ, ਸੋ ਲੋਕਤੰਤਰਿਕ ਮਰਿਯਾਦਾ ਦੇ ਅਨੁਸਾਰ ਜੂਨ ਮਹੀਨੇ ਵਿੱਚ ਯੂਨੀਅਨ ਦੇ ਅਹੁਦੇਦਾਰਾਂ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਅਤੇ ਅਗਲੇ ਕੁੱਝ ਮਹੀਨਿਆਂ ਵਿੱਚ ਸੰਗਠਨ ਦੀ ਮੁੜ ਉਸਾਰੀ ਕੀਤੀ ਜਾਵੇਗੀ।

ਇਸ ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਸੈਦੋਕੇ, ਸਕੱਤਰ ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਬਲਜੀਤ ਸਿੰਘ ਕਪੂਰਥਲਾ, ਨੈਬ ਸਿੰਘ, ਸਾਹਿਬ ਰਣਜੀਤ ਸਿੰਘ, ਜਸਪਾਲ ਸਿੰਘ, ਪਰਮਿੰਦਰ ਕੁਮਾਰ, ਇੰਦਰਜੀਤ ਸਿੰਘ, ਜਗਤਾਰ ਸਿੰਘ, ਰਣਬੀਰ ਸਿੰਘ ਸੂਬਾ ਪ੍ਰੈੱਸ ਸਕੱਤਰ, ਬਲਦੀਸ਼ ਲਾਲ ਮੌਜੂਦ ਸਨ।

# ਚੋਣ ਕਮਿਸ਼ਨ ਦੀ ਵੈੱਬਸਾਈਟ ਹੈਕਿੰਗ ਮਾਮਲੇ 'ਚ SDM ਮੁਅੱਤਲ

ਲੋਕ ਬਾਣੀ/ ਗੁਰਦਾਸਪੁਰ, 29 ਅਗਸਤ




ਚੰਡੀਗੜ੍ਹ- ਚੋਣ ਕਮਿਸ਼ਨ ਦੀ ਵੈੱਬਸਾਈਟ ਹੈਕ ਕਰਨ ਦੇ ਮਾਮਲੇ 'ਚ ਕੈਥਲ ਦੇ SDM-ਕਮ-ਏਆਰਓ ਬ੍ਰਹਮ ਪ੍ਰਕਾਸ਼ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਹੁਕਮ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਜਾਰੀ ਕੀਤੇ ਹਨ। ਬ੍ਰਹਮ ਪ੍ਰਕਾਸ਼ ਨੂੰ ਮੁਅੱਤਲੀ ਦੇ ਸਮੇਂ ਦੌਰਾਨ ਗੁਜ਼ਾਰਾ ਭੱਤਾ ਅਤੇ ਹੋਰ ਭੱਤੇ ਮਿਲਦੇ ਰਹਿਣਗੇ।

ਹਰਿਆਣਾ ਦੇ ਰਾਜਪਾਲ ਨੇ ਅੱਗੇ ਹੁਕਮ ਦਿੱਤਾ ਕਿ ਮੁਅੱਤਲੀ ਦੀ ਮਿਆਦ ਦੇ ਦੌਰਾਨ, ਬ੍ਰਹਮ ਪ੍ਰਕਾਸ਼ ਦਾ ਮੁੱਖ ਸਕੱਤਰ, ਹਰਿਆਣਾ ਸਰਕਾਰ, ਚੰਡੀਗੜ੍ਹ ਦੇ ਦਫ਼ਤਰ ਵਿੱਚ ਹੈਡਕੁਆਰਟਰ ਹੋਵੇਗਾ ਅਤੇ ਉਹ ਮੁੱਖ ਸਕੱਤਰ, ਸਰਕਾਰ ਦੀ ਅਗਾਊਂ ਇਜਾਜ਼ਤ ਲਏ ਬਿਨਾਂ ਹੈੱਡਕੁਆਰਟਰ ਨਹੀਂ ਛੱਡੇਗਾ।

ਦੱਸ ਦੇਈਏ ਕਿ ਆਮ ਆਦਮੀ ਪਾਰਟੀ ਵੱਲੋਂ ਰੈਲੀ ਲਈ ਮੰਗੀ ਗਈ ਇਜਾਜ਼ਤ ਨੂੰ ਅਪਸ਼ਬਦ ਲਿਖ ਕੇ ਰੱਦ ਕਰ ਦਿੱਤਾ ਗਿਆ ਸੀ। ਸਾਈਬਰ ਪੁਲਸ ਨੇ ਇਸ ਮਾਮਲੇ 'ਚ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਮਾਮਲੇ ਵਿੱਚ ਪੰਜ ਮੁਲਾਜ਼ਮਾਂ ਨੂੰ ਪਹਿਲਾਂ ਹੀ ਮੁਅੱਤਲ ਕੀਤਾ ਜਾ ਚੁੱਕਾ ਹੈ।

ਕੈਥਲ 'ਚ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਉਸ ਸਮੇਂ ਅਪਸ਼ਬਦ ਬੋਲੇ ਗਏ ਜਦੋਂ ਆਮ ਆਦਮੀ ਪਾਰਟੀ ਨੇ ਦੋ ਰੈਲੀਆਂ ਦੀ ਇਜਾਜ਼ਤ ਮੰਗੀ। ਆਪ ਨੇ ਕੈਥਲ 'ਚ ਰੈਲੀਆਂ ਕਰਨ ਦੀ ਇਜਾਜ਼ਤ ਲਈ ਚੋਣ ਕਮਿਸ਼ਨ ਦੇ ENCORE ਪੋਰਟਲ 'ਤੇ ਅਰਜ਼ੀ ਦਿੱਤੀ ਸੀ। ਇਹ ਅਰਜ਼ੀਆਂ ਅਸਿਸਟੈਂਟ ਰਿਟਰਨਿੰਗ ਅਫਸਰ (ਏ.ਆਰ.ਓ.) ਦੀ ਆਈ.ਡੀ ਤੋਂ ਰੱਦ ਕਰ ਦਿੱਤੀਆਂ ਗਈਆਂ ਸਨ ਅਤੇ ਹਰਿਆਣਵੀ ਸ਼ਬਦ ਕੋਨੀ ਡੇਂਡੇ (ਨਹੀਂ ਦੇਵਾਂਗੇ) ਅਤੇ ਇਤਰਾਜ਼ਯੋਗ ਸ਼ਬਦ (ਬਦਲੀਲ) ਨੂੰ ਰੱਦ ਕਰਨ ਦਾ ਕਾਰਨ ਲਿਖਿਆ ਗਿਆ ਸੀ।

# Punjab Govt ਦੇ ਦਾਅਵਿਆਂ ਦੀ ਨਿਕਲੀ ਫੂਕ ! ਸਰਕਾਰੀ ਸਕੂਲਾਂ 'ਚ ਨਵੇਂ ਸੈਸ਼ਨ ਦਾ ਮਹੂਰਤ ਬਿਨ੍ਹਾਂ ਕਿਤਾਬਾਂ ਤੋਂ ! ਕਿਵੇਂ ਪੜ੍ਹਨਗੇ ਵਿਦਿਆਰਥੀ

ਲੋਕ ਬਾਣੀ/ ਚੰਡੀਗੜ੍ਹ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ 1 ਅਪ੍ਰੈਲ ਨੂੰ ਕਿਤਾਬਾਂ ਪਹੁੰਚਾਉਣ ਦੇ ਦਾਅਵਿਆਂ ਦੀ ਫੂਕ ਨਿੱਕਲ ਗਈ ਹੈ।

ਸਕੂਲ ਸਿੱਖਿਆ ਵਿਭਾਗ ਦੁਆਰਾ ਹਾਲੇ ਤੱਕ ਪਹਿਲੀ, ਤੀਜੀ ਤੇ ਚੌਥੀ ਜਮਾਤ ਦੀ ਇੱਕ-ਇੱਕ ਅਤੇ ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਦੀਆਂ ਸਿਰਫ ਤਿੰਨ-ਤਿੰਨ ਕਿਤਾਬਾਂ ਹੀ ਸਕੂਲਾਂ ਵਿੱਚ ਪਹੁੰਚਾਈਆਂ ਗਈਆਂ ਹਨ। ਦੂਜੀ ਅਤੇ ਪੰਜਵੀਂ ਜਮਾਤ ਦੀ ਇੱਕ ਕਿਤਾਬ ਵੀ ਸਕੂਲਾਂ ਵਿੱਚ ਨਹੀਂ ਪਹੁੰਚੀ ਹੈ।

ਅਜਿਹੇ ਵਿੱਚ ਸੁਤੇ ਸਿੱਧ ਇਹ ਗੰਭੀਰ ਸਵਾਲ ਉੱਠਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਕਿਤਾਬਾਂ ਤੋਂ ਬਿਨਾ ਕਿਵੇਂ ਪੜ੍ਹਨਗੇ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਅਸਲ ਵਿੱਚ ਸਿੱਖਿਆ ਪ੍ਰਤੀ ਕਿੰਨੀ ਕੁ ਸੁਹਿਰਦ ਹੈ ਬੇਸ਼ੱਕ ਉਹ ਸਿੱਖਿਆ ਅਤੇ ਸਿਹਤ ਨੂੰ ਆਪਣੀ ਪਹਿਲ ਦੇ ਦਾਅਵੇ ਕਰਦੀ ਨਹੀਂ ਥੱਕਦੀ।



ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕੀਤਾ।

ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਕਿਹਾ ਕਿ ਸਰਕਾਰ ਦਾ ਜ਼ੋਰ ਸਿੱਖਿਆ ਅਧਿਕਾਰੀਆਂ ਰਾਹੀਂ ਮੀਟਿੰਗਾਂ ਦੇ ਜ਼ਰੀਏ ਅਧਿਆਪਕਾਂ 'ਤੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਾਉਣ ਦੇ ਦਾਬੇ ਮਾਰਨ 'ਤੇ ਲੱਗਿਆ ਹੋਇਆ ਹੈ ਜਦੋਂ ਕਿ ਸਰਕਾਰੀ ਸਕੂਲਾਂ ਦੇ ਅਧਿਆਪਕ ਸਰਕਾਰ ਨੇ ਚੋਣ ਡਿਊਟੀਆਂ ਦੇ ਜ਼ਰੀਏ ਸਕੂਲਾਂ ਤੋਂ ਬਾਹਰ ਕੀਤੇ ਹੋਏ ਹਨ ਅਤੇ ਸਰਕਾਰ ਦੀ ਨਾ - ਅਹਿਲੀਅਤ ਕਰਕੇ ਵਿਦਿਆਰਥੀ ਕਿਤਾਬਾਂ ਤੋਂ ਵੀ ਸੱਖਣੇ ਹਨ।

ਵਿਦਿਆਰਥੀਆਂ ਨੂੰ ਅਧਿਆਪਕਾਂ ਅਤੇ ਕਿਤਾਬਾਂ ਤੋਂ ਮਹਿਰੂਮ ਕਰਨਾ ਦਰਸਾਉਂਦਾ ਹੈ ਕਿ ਸਿੱਖਿਆ ਅਸਲ ਵਿੱਚ ਸਰਕਾਰ ਦੇ ਏਜੰਡੇ 'ਤੇ ਕਿੰਨੀ ਪਿੱਛੇ ਹੈ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਨ ਔਜਲਾ ਅਤੇ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਨੇ ਕਿਹਾ ਕਿ ਕਿਤਾਬਾਂ ਦੀ ਸਮੇਂ ਸਿਰ ਪ੍ਰਾਪਤੀ ਨਾ ਹੋਣ ਕਰਕੇ ਅਧਿਆਪਕਾਂ ਨੂੰ ਮਾਪਿਆਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਜਿਹੇ ਵਿੱਚ ਮਾਪੇ ਕਿਵੇਂ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਾਉਣਗੇ ? ਵਿੱਤ ਸਕੱਤਰ ਜਸਵਿੰਦਰ ਬਠਿੰਡਾ, ਜਥੇਬੰਦਕ ਸਕੱਤਰ ਕਰਨੈਲ ਚਿੱਟੀ ਅਤੇ ਪ੍ਰੈਸ ਸਕੱਤਰ ਲਖਵੀਰ ਹਰੀਕੇ ਨੇ ਕਿਹਾ ਕਿ ਇਹਨਾਂ ਹਾਲਤਾਂ ਵਿੱਚ ਜੇਕਰ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਾਉਣ ਨੂੰ ਤਰਜੀਹ ਦੇਣ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ।

ਸਰਕਾਰ ਦੁਆਰਾ ਮਿਸ਼ਨ ਸਮਰੱਥ ਵਰਗੇ 'ਉਪਚਾਰਕ ਅਧਿਆਪਨ' (ਰੈਮੇਡੀਅਲ ਟੀਚੰਗ) ਦੇ ਪ੍ਰੋਗਰਾਮਾਂ 'ਤੇ ਜ਼ੋਰ ਦੇ ਕੇ ਵਿਦਿਆਰਥੀਆਂ ਨੂੰ ਅੱਖਰ ਅਤੇ ਅੰਕ ਗਿਆਨ ਤੱਕ ਸੀਮਤ ਕੀਤਾ ਜਾ ਰਿਹਾ ਹੈ ਜਦੋਂ ਕਿ ਸਿੱਖਿਆ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਹਰੇਕ ਵਿਦਿਆਰਥੀ ਸਰਵਪੱਖੀ ਸਿੱਖਿਆ ਲੈਣ ਦਾ ਕਾਨੂੰਨੀ ਹੱਕ ਰੱਖਦਾ ਹੈ।

ਇਹ ਵੀ ਇੱਕ ਕਾਰਨ ਹੈ ਕਿ ਸਰਕਾਰ ਕਿਤਾਬਾਂ ਪਹੁੰਚਾਉਣ ਨੂੰ ਤਰਜੀਹ ਨਹੀਂ ਦੇ ਰਹੀ ਅਤੇ ਅਜਿਹੇ ਅਖੌਤੀ ਮਿਸ਼ਨਾਂ 'ਤੇ ਧਿਆਨ ਕੇਂਦਰਤ ਕਰ ਰਹੀ ਹੈ ਜਿਹੜੇ ਕਿ ਉਲਟਾ ਇਹ ਸਾਬਤ ਕਰਦੇ ਹਨ ਕਿ ਸਾਡਾ ਸਿੱਖਿਆ ਦਾ ਢਾਂਚਾ ਕਿੰਨਾ ਖੁਰਿਆ ਹੋਇਆ ਹੈ ਕਿ ਸਾਨੂੰ ਹਰੇਕ ਸਾਲ 'ਉਪਚਾਰਕ ਅਧਿਆਪਨ' ਦੀ ਲੋੜ ਪੈਂਦੀ ਹੈ।

ਇਸ ਤੋਂ ਪਤਾ ਲਗਦਾ ਹੈ ਕਿ ਅਸਲ ਵਿੱਚ ਸਕੂਲ ਸਿੱਖਿਆ ਵਿਭਾਗ ਕੰਮ ਚਲਾਊ ਤਰੀਕੇ ਨਾਲ ਕੰਮ ਕਰ ਰਿਹਾ ਹੈ।




# ਰਾਮਪੁਰਾ ਫੂੱਲ ਵਿਖੇ ਟ੍ਰੈਂਡਸ ਨੇ ਖੋਲਿਆ ਅਪਣਾ ਸਟੋਰ

ਲੋਕ ਬਾਣੀ

ਬਠਿੰਡਾ, ਦੇਸ਼ ਦੀ ਸਭ ਤੋਂ ਵੱਡੀ ਅਤੇ ਤੇਜੀ ਨਾਲ ਵਿਸਥਾਰ ਕਰ ਰਹੀ ਅਪਰੈਲ ਅਤੇ ਐਕਸਰੀਜ ਦੀ ਰਿਲਾਇੰਸ ਰਿਟੇਲ ਦੀ ਸ਼ਪੈਸਲਿਟੀ ਚੇਨ ਟ੍ਰੈਂਡਸ ਨੇ ਬਠਿੰਡਾ ਜਿਲੇ ਦੇ ਰਾਮਪੁਰ ਫੂੱਲ ਵਿਚ ਅਪਣਾ ਸਟੋਰ ਖੋਲਿਆ ਹੈ।ਕੰਪਨੀ ਨੇ ਦੇਸ਼ ਵਿਚ ਮੇਟ੍ਰੋ, ਮਿਨੀ ਮੇਟ੍ਰੋ, ਟਿਅਰ 1,2 ਸ਼ਹਿਰਾਂ ਅਤੇ ਛੋਟੇ ਛੋਟੇ ਕਸਬਿਆਂ ਵਿਚ ਗਾਹਕਾਂ ਤਕ ਅਪਣੀ ਪਹੂੰਚ ਅਤੇ ਸੰਪਰਕ ਮਜਬੂਤ ਕਰ ਫੈਸ਼ਨ ਨੂੰ ਘਰ ਘਰ ਤਕ ਪਹੂੰਚਾਉਣ ਦਾ ਪਰਿਆਸ ਕੀਤਾ ਹੈ ਜਦਕਿ ਟ੍ਰੈਂਡਸ ਭਾਰਤ ਦਾ ਮਨਪਸੰਦ ਫੈਸ਼ਨ ਦੀ ਥਾਂ ਹੈ। ਨਵਾਂ ਖੁਲਿਆ ਸਟੋਰ ਆਧੂਨਿਕ ਸ਼ੈਲੀ ਤੋਂ ਬਣਾਇਆ ਗਿਆ ਹੈ ਅਤੇ ਇਥੇ ਫੈਸਨ ਦਾ ਸਾਮਾਨ ਕਿਫਾਇਤੀ ਦਰਾਂ ਤੇ ਉਪਲਬੱਧ ਹੈ। ਕੰਪਨੀ ਉਮੀਦ ਕਰਦੀ ਹੈ ਕਿ ਸਥਾਨਕ ਗਾਹਕਾਂ ਨੂੰ ਇਹ ਬਹੁਤ ਪਸੰਦ ਆਵੇਗਾ। 6443 ਸਕੇਅਰ ਫੀਟ ਵਿਚ ਫੈਲਿਆ ਇਹ ਸਟੋਰ, ਰਾਮਪੁਰਾ ਫੂੱਲ ਵਿਚ ਅਪਣੇ ਗਾਹਕਾਂ ਨੂੰ ਲਾਂਚ ਦੇ ਹੇਠ ਬੇਹਤਰੀਨ ਫੈਸਨ ਅਤੇ ਜਬਰਸਦਤ ਕੀਮਤਾਂ ਤੇ ਸਾਮਾਨ ਵਿਸ਼ੇਸ਼ ਆਫਰਾਂ ਦੇ ਰਾਹੀਂ ਪ੍ਰਦਾਨ ਕਰਵਾ ਰਿਹਾ ਹੈ। ਆਫਰ 3999 ਰੁਪਏ ਦੀ ਖਰੀਤ ਤੇ 249 ਰੁਪਏ ਦਾ ਤੋਹਫਾ ਪ੍ਰਾਪਤ ਕੀਤਾ ਜਾ ਸਕਦਾ ਹੈ ਜਦਕਿ 3999 ਰੁਪਏ ਦੀ ਖਰੀਦ ਤੇ 2000 ਰੁਪਏ ਦਾ ਮੁਫਤ ਕੂਪਨ ਪ੍ਰਾਪਤ ਕੀਤਾ ਜਾ ਸਕਦਾ ਹੈ।

# ਰੀਅਲਮੀ 12x 5ਜੀ ਹੋਇਆ ਲਾਂਚ

ਲੋਕ ਬਾਣੀ

ਲੁਧਿਆਣਾ, , ਰੀਅਲਮੀ , ਭਾਰਤ ਦੀ ਸਭ ਤੋਂ ਭਰੋਸੇਮੰਦ ਸਮਾਰਟਫੋਨ ਸੇਵਾ ਪ੍ਰਦਾਤਾ, ਨੇ ਅੱਜ ਰੀਅਲਮੀ 12x 5ਜੀ ਲਾਂਚ ਕੀਤਾ ਹੈ। ਰੀਅਲਮੀ ਨੰ ਸੀਰੀਜ਼ ਵਿੱਚ ਇਹ ਨਵਾਂ ਸਮਾਰਟਫੋਨ ਕੰਪਨੀ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦਾ ਹੈ, ਜੋ ਕਿ ਨੌਜਵਾਨ ਆਬਾਦੀ ਦੀਆਂ ਗਤੀਸ਼ੀਲ ਤਰਜੀਹਾਂ ਦੇ ਅਨੁਸਾਰ 'ਮੇਕ ਇਟ ਰੀਅਲ' ਦੇ ਫਲਸਫੇ ਨੂੰ ਜੀਵਨ ਵਿੱਚ ਲਿਆਉਂਦਾ ਹੈ। ਰੀਅਲਮੀ 12X 5 ਜੀ ਇੱਕ ਪ੍ਰਵੇਸ਼-ਪੱਧਰ ਦੇ 5ਜੀ ਕਿਲਰ ਵਜੋਂ ਹੋਵੇਗਾ। ਉਪਭੋਗਤਾਵਾਂ ਨੂੰ ਇੱਕ ਵਿਲੱਖਣ ਅਨੁਭਵ ਪ੍ਰਦਾਨ ਕਰਦਾ ਹੈ। ਇਹ ਭਾਰਤ ਵਿੱਚ ਇਸ ਦੇ ਹਿੱਸੇ ਵਿੱਚ ਪਹਿਲਾ ਸਮਾਰਟਫੋਨ ਹੈ ਜਿਸ ਵਿੱਚ 45ਡਬਲਯੂ ਸੁਪਰ ਵੂਕ ਚਾਰਜਿੰਗ ਅਤੇ ਇੱਕ ਸ਼ਕਤੀਸ਼ਾਲੀ 5000 ਐਮਏਐਚ ਬੈਟਰੀ ਹੈ। ਇਸ ਦੇ ਸੈਗਮੈਂਟ 'ਚ ਪਹਿਲੀ ਵਾਰ ਏਅਰ ਜੈਸਚਰ ਕੰਟਰੋਲ ਦਿੱਤਾ ਗਿਆ ਹੈ।ਇਸ ਸਮਾਰਟਫੋਨ 'ਚ 120 ਐਚਜੇਡ ਦੀ ਸਭ ਤੋਂ ਉੱਚੀ ਰਿਫਰੈਸ਼ ਦਰ ਅਤੇ 800 ਨਾਈਟਸ ਦੀ ਬ੍ਰਾਈਟਨੈੱਸ ਦੇ ਨਾਲ ਇਸ ਸੈਗਮੈਂਟ 'ਚ ਸਭ




ਤੋਂ ਚਮਕਦਾਰ ਡਿਸਪਲੇ ਹੈ।ਇਸ 'ਚ ਮੀਡਿਆ ਟੇਕ ਡਿਮੇਂਸਿਟੀ 6100 ਪਲੱਸ 5 ਜੀ ਚਿਪਸੈੱਟ ਹੈ ਅਤੇ ਇਸ ਦਾ ਸੈਗਮੈਂਟ-ਪਹਿਲਾ ਹੈ। ਵੇਪਰ ਚੈਂਬਰ ਕੂਲਿੰਗ ਸਿਸਟਮ ਵੀ ਦਿੱਤਾ ਗਿਆ ਹੈ। ਇਹ ਫੈਸ਼ਨ ਤੋਂ ਪ੍ਰੇਰਿਤ ਡਿਜ਼ਾਈਨ ਦੇ ਨਾਲ 7.69 ਮਿਲੀਮੀਟਰ ਪਤਲੀ ਸੁਪਰ ਸਲਿਮ ਬਾਡੀ ਦੇ ਨਾਲ ਆਉਂਦਾ ਹੈ। ਇਸ ਵਿੱਚ ਇੱਕ 50 ਐਮ ਪੀ ਏਆਈ ਕੈਮਰਾ, 2 ਐਮ ਪੀ ਸੈਕੰਡਰੀ ਕੈਮਰਾ ਅਤੇ 8 ਐਮ ਪੀ ਸੈਲਫੀ ਕੈਮਰਾ ਦੇ ਨਾਲ ਇੱਕ ਸ਼ਾਨਦਾਰ ਕੈਮਰਾ ਸੈੱਟਅਪ ਹੈ।

# ਪੰਜਾਬੀ ਸਾਹਿਤ ਸਭਾ ਖਰੜ ਵੱਲੋਂ ਖਾਲਸਾ ਪੰਥ ਦੀ ਸਾਜਨਾ ਨੂੰ ਸਮਰਪਿਤ ਸਾਹਿਤਕ ਪ੍ਰੋਗਰਾਮ ਕਰਵਾਇਆ

ਲੋਕ ਬਾਣੀ/ ਖਰੜ,7 ਅਪ੍ਰੈਲ ਕਾਲਾ ਸਿੰਘ ਸੈਣੀ

- ਪੰਜਾਬੀ ਸਾਹਿਤ ਸਭਾ ਖਰੜ ਦੀ ਮਾਸਿਕ ਇਕੱਤਰਤਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਹੋਈ । ਖਾਲਸਾ ਪੰਥ ਦੀ ਸਾਜਨਾ ਨੂੰ ਸਮਰਪਿਤ ਇਸ ਇਕੱਤਰਤਾ ਵਿੱਚ ਪ੍ਰਧਾਨਗੀ ਮੰਡਲ ਵਿੱਚ ਸ.ਚਰਨਜੀਤ ਸਿੰਘ ਕਾਲੇ?ਵਾਲ (ਐਸ ਜੀ ਪੀ ਸੀ ਮੈਂਬਰ ) , ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ, ਡਾ ਜਸਪਾਲ ਜੱਸੀ, ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਅਤੇ ਸ. ਗੁਰਪ੍ਰੀਤ ਸਿੰਘ ਨਿਆਮੀਆਂ ਸ਼ਾਮਿਲ ਹੋਏ। ਪ੍ਰਧਾਨ ਡਾਕਟਰ ਜੱਸੀ ਨੇ ਆਏ ਹੋਏ ਸਾਰੇ ਸਾਥੀਆਂ ਨੂੰ ਜੀ ਆਇਆ ਆਖਿਆ। ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਰਚਨਾਵਾਂ ਨਾਲ ਹੋਈ।ਇਸ ਮੌਕੇ ਪੱਤਰਕਾਰ ਤੇ ਲੇਖਕ ਗੁਰਪ੍ਰੀਤ ਸਿੰਘ ਨਿਆਮੀਆਂ ਨਾਲ ਰੂਬਰੂ ਕਰਵਾਇਆ ਗਿਆ । ਉਨ੍ਹਾਂ ਨੇ ਜਿੱਥੇ ਆਪਣੇ ਜੀਵਨ, ਪੱਤਰਕਾਰੀ ਅਤੇ ਸਾਹਿਤਕ ਕਿਰਤਾਂ ਬਾਰੇ ਜਾਣਕਾਰੀ ਦਿੱਤੀ ਉਥੇ ਖਾਲਸਾ ਪੰਥ ਦੀ ਸਾਜਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਸਭਾ ਵੱਲੋਂ ਸਭਾ ਦੇ ਬਾਨੀ ਸਰਪ੍ਰਸਤ ਮਨਮੋਹਨ ਸਿੰਘ ਦਾਊਂ ਦੀ ਨਵੀਂ ਕਾਵਿ ਪੁਸਤਕ 'ਧਰਤੀ ਦੀ ਕੰਬਣੀ' ਦੀ ਪ੍ਰਕਾਸ਼ਨਾ ਉੱਤੇ ਅਤੇ ਸਭਾ ਦੇ ਅਹੁਦੇਦਾਰ ਐਡਵੋਕੇਟ ਸੈਂਪਲਾ ਦੀ ਤਰੱਕੀ ਉੱਤੇ ਉਹਨਾਂ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਸਤਵਿੰਦਰ ਸਿੰਘ ਮੜੌਲਵੀ ਵੱਲੋਂ ਸਭਾ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ।




ਉਪਰੰਤ ਮਲਕੀਤ ਸਿੰਘ ਨਾਗਰਾ, ਗੁਰਮੀਤ ਸਿੰਗਲ, ਦਲਵੀਰ ਸਰੋਆ, ਕੈਪਟਨ ਹਰਸ਼ਜੀਤ ਸਿੰਘ ਬਡਾਲਾ ,ਜਗਦੇਵ ਸਿੰਘ ਰਡਿਆਲਾ ਬੀਬੀ ਦਲਜੀਤ ਕੌਰ ਦਾਊਂ,ਕਰਮਜੀਤ ਸਕਰੁੱਲਾਂਪੁਰੀ , ਡਾ. ਸਿਮਰਜੀਤ ਕੌਰ, ਡਾਕਟਰ ਰਪਿੰਦਰ ਕੌਰ, ਐਡਵੋਕੇਟ ਨੀਲਮ ਨਾਰੰਗ , ਰੁਪਿੰਦਰ ਕੌਰ ਮਾਨ,ਤਰਸੇਮ ਸਿੰਘ ਕਾਲੇਵਾਲ, ਜਸਪਾਲ ਸਿੰਘ ਕੰਵਲ ਅਤੇ ਹਾਕਮ ਸਿੰਘ ਨੱਤਿਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਸੁਣਾਈਆਂ। ਮੁਖ ਮਹਿਮਾਨ ਚਰਨਜੀਤ ਸਿੰਘ ਕਾਲੇਵਾਲ ਨੇ ਸਭਾ ਦੀਆਂ ਸਾਹਿਤਿਕ ਪ੍ਰਾਪਤੀਆਂ ਤੇ ਖੁਸ਼ੀ ਜ਼ਾਹਿਰ ਕੀਤੀ ਅਤੇ ਸਭਾ ਨੂੰ ਆਪਣੇ ਵੱਲੋਂ ਇੱਕ ਵੱਖਰੇ ਤੌਰ ਤੇ ਧਾਰਮਿਕ ਪ੍ਰੋਗਰਾਮ ਕਰਵਾਉਣ ਦਾ ਸੱਦਾ ਵੀ ਦਿੱਤਾ। ਇਸ ਪ੍ਰੋਗਰਾਮ ਵਿੱਚ ਹਰਵਿੰਦਰ ਕੌਰ ਮਹਿਰਾ (ਪੱਤਰਕਾਰ ਪੰਜਾਬੀ ਜਾਗਰਣ) , ਡਾਕਟਰ ਜਤਿੰਦਰ ਅਰੋੜਾ, ਅਵਤਾਰ ਸਿੰਘ, ਇੰਦਰਜੀਤ ਪਰੇਮੀ, ਸੁਰਿੰਦਰ ਪਾਲ ਸਿੰਘ ਦਿਓਲ ਸੈਂਪਲਾ,ਸਿਮਰਨਜੀਤ ਸਿੰਘ ਤੇ ਕਵੀ ਸੁਰਜੀਤ ਸੁਮਨ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਭਾ ਵੱਲੋਂ ਮੁੱਖ ਮਹਿਮਾਨ ਕਾਲੇਵਾਲ ,ਗੁਰਪ੍ਰੀਤ ਸਿੰਘ ਨਿਆਮੀਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸ੍ਰੀ ਦਾਊਂ ਨੇ ਖਾਲਸਾ ਪੰਥ ਦੀ ਸਾਜਨਾ ਉੱਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਇੱਕ ਧਾਰਮਿਕ ਰਚਨਾ ਵੀ ਸੁਣਾਈ । ਪ੍ਰੋਗਰਾਮ ਦਾ ਮੰਚ ਸੰਚਾਲਨ ਜਰਨਲ ਸਕੱਤਰ ਸਤਵਿੰਦਰ ਸਿੰਘ ਮੜੌਲਵੀ ਵੱਲੋਂ ਕੀਤਾ ਗਿਆ ।

## ਹੈਲਥ ਚੈਂਪੀਅਨਜ਼ ਦਾ ਸਸ਼ਕਤੀਕਰਨ

# ਕਲੀਨ ਏਅਰ ਪੰਜਾਬ ਅਤੇ ਫੋਰਟਿਸ ਹਸਪਤਾਲ ਲੁਧਿਆਣਾ ਨੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਆਸ਼ਾ ਵਰਕਰਾਂ ਨੂੰ ਕੀਤਾ ਤਿਆਰ

ਲੋਕ ਬਾਣੀ/ ਲੁਧਿਆਣਾ, 7 ਅਪ੍ਰੈਲ,( ਸੁਖਚੈਨ ਮਹਿਰਾ)




ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁਨ (ਆਸ਼ਾ) ਵਰਕਰਾਂ ਨੂੰ ਹਵਾ ਪ੍ਰਦੂਸ਼ਣ ਦੇ ਗੰਭੀਰ ਮੁੱਦੇ ਅਤੇ ਇਸ ਦੇ ਸਿਹਤ ‘ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਸਹੀ ਸਮਝ ਦੇ ਨਾਲ-ਨਾਲ ਗਿਆਨ ਨਾਲ ਲੈਸ ਕਰਨ ਲਈ ਇੱਕ ਵਿਲੱਖਣ ਕਦਮ ਚੁੱਕਦਿਆਂ, ਕਲੀਨ ਏਅਰ ਪੰਜਾਬ ਨੇ ਫੋਰਟਿਸ ਹਸਪਤਾਲ ਲੁਧਿਆਣਾ ਦੇ ਨਾਲ ਹੱਥ ਮਿਲਾਇਆ ਅਤੇ ਇੱਕ ਕਾਨਫਰੰਸ ਦਾ ਆਯੋਜਨ ਕੀਤਾ। ਇੱਥੇ ਦੱਸ ਦੇਈਏ ਕਿ ਵਿਸ਼ਵ ਸਿਹਤ ਦਿਵਸ ਹਰ ਸਾਲ 7 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ।

ਕਲੀਨ ਏਅਰ ਪੰਜਾਬ - ਪੰਜਾਬ ਖੇਤਰ ਵਿੱਚ ਸਵੱਛ ਹਵਾ ਅਤੇ ਵਾਤਾਵਰਣ ਦੀ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਸੰਸਥਾਵਾਂ ਅਤੇ ਵਿਅਕਤੀਆਂ ਦੇ ਇੱਕ ਨੈਟਵਰਕ ਦੇ ਮੈਂਬਰਾਂ ਦੇ ਅਨੁਸਾਰ, ਆਸ਼ਾ ਵਰਕਰਾਂ ਨੂੰ ਸਮਰਪਿਤ ਇਸ ਕਾਨਫਰੰਸ ਦਾ ਉਦੇਸ਼ ਕਮਿਊਨਿਟੀ ਪੱਧਰ ‘ਤੇ ਸੂਚਿਤ ਕਾਰਵਾਈਆਂ ਰਾਹੀਂ ਜਨਤਕ ਸਿਹਤ ਨੂੰ ਵਧਾਉਣ ਲਈ ਸਾਂਝੀ ਵਚਨਬੱਧਤਾ ਨੂੰ ਰੇਖਾਂਕਿਤ ਕਰਦਾ ਹੈ।

ਇਸ ਸਮਾਗਮ ਵਿੱਚ ਆਸ਼ਾ ਵਰਕਰਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਸਮਾਜ ਵਿੱਚ ਹੇਠਲੇ ਪੱਧਰ ‘ਤੇ ਸਿਹਤ ਸੰਭਾਲ ਪ੍ਰਦਾਨ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਲੁਧਿਆਣਾ ਦੇ ਆਸ਼ਾ ਵਰਕਰਾਂ ਦੀ ਪ੍ਰਧਾਨ ਬਲਬੀਰ ਕੌਰ ਨੇ ਕਿਹਾ ਕਿ ਪ੍ਰਬੰਧਕਾਂ ਨੇ ਇਨ੍ਹਾਂ ਫਰੰਟਲਾਈਨ ਵਰਕਰਾਂ ਨੂੰ ਵਿਸ਼ੇਸ਼ ਗਿਆਨ ਦੇ ਨਾਲ ਸਸ਼ਕਤ ਬਣਾਉਣ ਦੀ ਮਹੱਤਤਾ ਨੂੰ ਪਛਾਣਿਆ ਹਵਾ ਦੀ ਗੁਣਵੱਤਾ ਵਿੱਚ ਵਿਗੜਨ ਕਾਰਨ ਸਿਹਤ ਦੇ ਮਾੜੇ ਪ੍ਰਭਾਵਾਂ ਦੀ ਸਮਝ ਨੂੰ ਵਧਾਉਣ ‘ਤੇ ਧਿਆਨ ਕੇਂਦਰਿਤ ਕੀਤਾ।

ਆਸ਼ਾ ਪ੍ਰਧਾਨ ਨੇ ਕਿਹਾ, “ਇਹ ਵਿਦਿਅਕ ਯਤਨ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ ਅਤੇ ਸਾਡੇ ਫਰੰਟਲਾਈਨ ਸਿਹਤ ਯੋਧਿਆਂ ਨੂੰ ਲੋਕਾਂ ਦੀ ਭਲਾਈ ਲਈ ਹਵਾ ਪ੍ਰਦੂਸ਼ਣ ਦੇ ਖਤਰਿਆਂ ਦੀ ਸਮਝ ਨਾਲ ਲੈਸ ਕਰਨ ਲਈ ਭਾਰਤ ਭਰ ਵਿੱਚ ਇੱਕ ਉਦਾਹਰਣ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਇਸ ਗਿਆਨ ਦੇ ਨਾਲ, ਆਸ਼ਾ ਵਰਕਰ ਹੁਣ ਨਾ ਸਿਰਫ਼ ਹਵਾ ਪ੍ਰਦੂਸ਼ਣ ਨਾਲ ਸਬੰਧਤ ਸਿਹਤ ਖਤਰਿਆਂ ਦੇ ਵਿਰੁੱਧ ਜ਼ਿੰਮੇਵਾਰੀ ਲੈਣ ਲਈ ਬਿਹਤਰ ਢੰਗ ਨਾਲ ਤਿਆਰ ਹੋਣਗੀਆਂ, ਸਗੋਂ ਖ਼ਤਰਿਆਂ ਬਾਰੇ ਸੰਵਾਦ ਕਰਨ ਲਈ ਵੀ ਬਿਹਤਰ ਢੰਗ ਨਾਲ ਤਿਆਰ ਹੋਣਗੀਆਂ, ਜਿਸ ਨਾਲ ਕਮਿਊਨਿਟੀ ਸਿਹਤ ਲਚਕਤਾ ਵਧੇਗੀ।“

ਫੋਰਟਿਸ ਹਸਪਤਾਲ ਲੁਧਿਆਣਾ ਦੇ ਗਾਇਨੀਕੋਲੋਜਿਸਟ ਅਤੇ ਬਾਲ ਰੋਗਾਂ ਦੇ ਮਾਹਿਰਾਂ ਸਮੇਤ ਉੱਘੇ ਸਿਹਤ ਪੇਸ਼ੇਵਰਾਂ ਨੇ ਸੈਸ਼ਨ ਆਯੋਜਿਤ ਕੀਤੇ ਜਿਨ੍ਹਾਂ ਨੇ ਸਾਹ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਲੈ ਕੇ ਪ੍ਰਜਨਨ ਸਿਹਤ ਦੇ ਪ੍ਰਤੀਕੂਲ ਨਤੀਜਿਆਂ ਤੱਕ ਹਵਾ ਪ੍ਰਦੂਸ਼ਣ ਦੇ ਬਹੁਪੱਖੀ ਸਿਹਤ ਨਤੀਜਿਆਂ ਨੂੰ ਉਜਾਗਰ ਕੀਤਾ। ਇਹ ਸੂਝ-ਬੂਝ ਆਸ਼ਾ ਵਰਕਰਾਂ ਨੂੰ ਪ੍ਰਦੂਸ਼ਣ-ਸਬੰਧਤ ਸਿਹਤ ਸਮੱਸਿਆਵਾਂ ਦੀ ਪਛਾਣ, ਰੋਕਥਾਮ ਅਤੇ ਪ੍ਰਬੰਧਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸਮਰੱਥ ਬਣਾਉਣ ਲਈ ਮਹੱਤਵਪੂਰਨ ਹੋਵੇਗੀ।

ਡਾ: ਗੁਰਸਿਮਰਨ ਕੌਰ, ਸੀਨੀਅਰ ਕੰਸਲਟੈਂਟ ਪ੍ਰਸੂਤੀ ਅਤੇ ਗਾਇਨਾਕੋਲੋਜੀ ਨੇ ਕਿਹਾ, ਮਾੜੀ ਹਵਾ ਦੀ ਗੁਣਵੱਤਾ ਗਰਭਵਤੀ ਔਰਤਾਂ ‘ਤੇ ਨੁਕਸਾਨਦੇਹ ਪ੍ਰਭਾਵ ਪਾਉਂਦੀ ਹੈ। ਅਚਨਚੇਤੀ ਜਨਮ ਅਤੇ ਘੱਟ ਜਨਮ ਦੇ ਵਜ਼ਨ ਦੇ ਵਧੇ ਹੋਏ ਜੋਖਮਾਂ ਤੋਂ ਲੈ ਕੇ ਸਾਹ ਦੀਆਂ ਗੰਭੀਰ ਸਥਿਤੀਆਂ ਜਿਵੇਂ ਕਿ ਦਮੇ ਤੱਕ, ਹਵਾ ਦੀ ਮਾੜੀ ਗੁਣਵੱਤਾ ਮਾਵਾਂ ਅਤੇ ਭਰੂਣ ਦੀ ਸਿਹਤ ਲਈ ਮਹੱਤਵਪੂਰਨ ਖਤਰੇ ਪੈਦਾ ਕਰਦੀ ਹੈ। ਇਹ ਜ਼ਰੂਰੀ ਹੈ ਕਿ ਅਸੀਂ ਗਰਭਵਤੀ ਮਾਵਾਂ ਅਤੇ ਉਨ੍ਹਾਂ ਦੇ ਅਣਜੰਮੇ ਬੱਚਿਆਂ ਦੀ ਤੰਦਰੁਸਤੀ ਦੀ ਰੱਖਿਆ ਲਈ ਸਾਫ਼ ਹਵਾ ਪਹਿਲਕਦਮੀਆਂ ਨੂੰ ਤਰਜੀਹ ਦੇਈਏ।“

ਇਸੇ ਤਰ੍ਹਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਡਾ: ਗੌਰਵ ਮਿੱਤਲ, ਸੀਨੀਅਰ ਕੰਸਲਟੈਂਟ ਬਾਲ ਰੋਗ ਮਾਹਿਰ, ਫੋਰਟਿਸ ਹਸਪਤਾਲ ਲੁਧਿਆਣਾ ਨੇ ਜ਼ੋਰ ਦੇ ਕੇ ਕਿਹਾ ਕਿ ਹਵਾ ਪ੍ਰਦੂਸ਼ਣ ਦੇ ਨਵਜੰਮੇ ਬੱਚਿਆਂ ‘ਤੇ ਕਈ ਮਾੜੇ ਪ੍ਰਭਾਵ ਪੈਂਦੇ ਹਨ, ਜਿਸ ਵਿਚ ਸਾਹ, ਚਮੜੀ ਅਤੇ ਗੈਸਟਰੋਇੰਟੇਸਟਾਈਨਲ ਐਲਰਜੀ ਪ੍ਰਤੀ ਸੰਵੇਦਨਸ਼ੀਲਤਾ ਵਧਣ ਦੇ ਨਾਲ-ਨਾਲ ਕੈਂਸਰ ਦੀ ਸੰਭਾਵਨਾ ਵੀ ਸ਼ਾਮਲ ਹੈ ? ਐਟੌਪਿਕ ਡਰਮੇਟਾਇਟਸ, ਐਕਜ਼ੀਮਾ, ਹਾਈਪਰਰੀਐਕਟਿਵ ਏਅਰਵੇਅ ਰੋਗ (ਦਮਾ), ਅਤੇ ਬੱਚਿਆਂ ਵਿੱਚ ਬ੍ਰੌਨਕਾਈਟਿਸ ਵਰਗੀਆਂ ਸਥਿਤੀਆਂ ਹਵਾ ਪ੍ਰਦੂਸ਼ਕਾਂ ਦੇ ਵਧੇ ਹੋਏ ਪੱਧਰਾਂ ਨਾਲ ਮਜ਼ਬੂਤੀ ਨਾਲ ਜੁੜੀਆਂ ਹੋਈਆਂ ਹਨ। ਇਸ ਲਈ, ਤੁਹਾਡੇ ਆਲੇ-ਦੁਆਲੇ ਹਵਾ ਗੁਣਵੱਤਾ ਸੂਚਕਾਂਕ ਦੀ ਨਿਗਰਾਨੀ ਕਰਨ ਅਤੇ ਹਵਾ, ਪਾਣੀ ਅਤੇ ਪ੍ਰਦੂਸ਼ਣ ਦੇ ਹੋਰ ਸਰੋਤਾਂ ਦੇ ਨਾਲ-ਨਾਲ ਭਾਰੀ ਧਾਤਾਂ ਅਤੇ ਧੂੰਏਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਦੇ ਨੁਕਸਾਨਦੇਹ ਪ੍ਰਭਾਵਾਂ ਤੋਂ ਬਚਣ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ।

ਇਹ ਕਾਨਫਰੰਸ ਗਿਆਨ ਸਾਂਝਾ ਕਰਨ ਦੇ ਇੱਕ ਗਤੀਸ਼ੀਲ ਸੈਸ਼ਨ ਦੇ ਨਾਲ ਸਮਾਪਤ ਹੋਇਆ, ਜਿਸ ਨੇ ਇੱਕ ਅਜਿਹੇ ਭਵਿੱਖ ਨੂੰ ਅੱਗੇ ਵਧਾਉਣ ਦੇ ਸਮੂਹਿਕ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ ਜਿੱਥੇ ਸਾਫ਼ ਹਵਾ ਅਤੇ ਚੰਗੀ ਸਿਹਤ ਸਾਰਿਆਂ ਲਈ ਪਹੁੰਚਯੋਗ ਹੋਵੇ।

ਵਿਸ਼ਵ ਸਿਹਤ ਸੰਗਠਨ (ਡਬਲਿਊ ਐਚ ਓ) ਦੇ ਅਨੁਸਾਰ, ਵਿਸ਼ਵ ਸਿਹਤ ਦਿਵਸ 2024 ਦਾ ਥੀਮ ‘ਮੇਰੀ ਸਿਹਤ, ਮੇਰਾ ਅਧਿਕਾਰ’ ਹੈ ਅਤੇ ਇਸਦਾ ਉਦੇਸ਼ ਮਿਆਰੀ ਸਿਹਤ ਸੇਵਾਵਾਂ, ਸਿੱਖਿਆ ਅਤੇ ਜਾਣਕਾਰੀ ਦੇ ਨਾਲ-ਨਾਲ ਸੁਰੱਖਿਅਤ ਪੀਣ ਵਾਲੇ ਪਾਣੀ ਤੱਕ ਪਹੁੰਚ ਦੇ ਹਰੇਕ ਵਿਅਕਤੀ ਦੇ ਅਧਿਕਾਰ ਦਾ ਸਮਰਥਨ ਕਰਨ ਅਤੇ ਨਾਲ ਹੀ ਸੁਰੱਖਿਅਤ ਪੀਣ ਵਾਲਾ ਪਾਣੀ, ਸਾਫ਼ ਹਵਾ, ਚੰਗਾ ਪੋਸ਼ਣ, ਗੁਣਵੱਤਾ ਵਾਲੀ ਰਿਹਾਇਸ਼, ਵਧੀਆ ਕੰਮ ਕਰਨ ਅਤੇ ਵਾਤਾਵਰਣ ਦੀਆਂ ਸਥਿਤੀਆਂ, ਅਤੇ ਵਿਤਕਰੇ ਤੋਂ ਆਜ਼ਾਦੀ ਲਈ ਚੁਣਿਆ ਗਿਆ ਸੀ।

# ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਦੰਦਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ

ਲੋਕ ਬਾਣੀ/ ਖਰੜ,7 ਅਪ੍ਰੈਲ ਕਾਲਾ ਸਿੰਘ ਸੈਣੀ




ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਸਿਵਲ ਹਸਪਤਾਲ ਖਰੜ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਬਲਾਕ ਖਰੜ-2 ਅਤੇ ਖਰੜ-3 ਨੇੜੇ ਪੁਲਿਸ ਸਟੇਸ਼ਨ ਖਰੜ ਵਿਖੇਸਕੂਲ ਦੇ ਬੱਚਿਆਂ ਦੇ ਦੰਦਾਂ ਦਾ ਚੈਕਅੱਪ ਕਰਵਾਉਣ ਲਈ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ। ਕੈਂਪ ’ਚ ਸਿਵਲ ਹਸਪਤਾਲ ਖਰੜ ਦੇ ਦੰਦਾਂ ਦੇ ਮਾਹਿਰ ਡਾ.ਅਮਨਦੀਪ ਕੌਰ,ਡਾ.ਹਰਨੀਤ ਕੌਰ ਅਤੇ ਸਹਾਇਕ ਸਤਿੰਦਰ ਸਿੰਘ ਨੇ ਦੋਵੇਂ ਸਕੂਲਾਂ ਦੇ ਬੱਚਿਆਂ ਦੇ ਦੰਦਾਂ ਦਾ ਚੈਕਅੱਪ ਕੀਤਾ। ਇਸ ਸਬੰਧੀ ਕਲੱਬ ਦੇ ਕਲੱਬ ਦੇ ਪ੍ਰਧਾਨ ਸੰਜੀਵ ਕੁਮਾਰ ਗਰਗ ਅਤੇ ਕਲੱਬ ਦੇ ਪ੍ਰੋਜੈਕਟ ਚੇਅਰਮੈਨ ਵਨੀਤ ਜੈਨ ਨੇ ਦਸਿਆ ਕਿ ਇਸ ਚੈਕਅੱਪ ਕੈਂਪ ਦੌਰਾਨ ਦੰਦਾਂ ਦੇ ਮਾਹਿਰ ਡਾਕਟਰਾਂ ਵਲੋਂ ਦੋਵੇ ਸਕੂਲਾਂ ਦੇ 110 ਬੱਚਿਆਂ ਦੇ ਦੰਦਾਂ ਦਾ ਚੈਕਅੱਪ ਕੀਤਾ ਅਤੇ ਕਲੱਬ ਵਲੋਂ ਬੱਚਿਆਂ ਨੂੰ ਬੁਰਸ਼ ਅਤੇ ਪੇਸਟ ਮੁਫਤ ਦਿੱਤੇ ਗਏ। ਉਨ੍ਹਾਂ ਦਸਿਆ ਕਿ ਜਿਹੜੇ ਬੱਚਿਆਂ ਦੇ ਦੰਦ ਖਰਾਬ ਹਨ ਉਨ੍ਹਾਂ ਨੂੰ ਇਲਾਜ਼ ਲਈ ਸਿਵਲ ਹਸਪਤਾਲ ਖਰੜ ਵਿਚ ਬੁਲਾਇਆ ਗਿਆ। ਦੰਦਾਂ ਦੇ ਮਾਹਿਰ ਡਾ.ਅਮਨਦੀਪ ਕੌਰ ਨੇ ਸਕੂਲ ਦੇ ਬੱਚਿਆਂ ਨੂੰ ਦੰਦਾਂ ਦੀ ਸਾਂਭ ਸੰਭਾਲ ਅਤੇ ਬੁਰਸ਼ ਕਰਨ ਸਬੰਧੀ ਜਾਣਕਾਰੀ ਦਿੱਤੀ ਤੇ ਕਿਹਾ ਕਿ ਸਮੇਂ-ਸਮੇ ਸਿਰ ਸਾਨੂੰ ਆਪਣੇ ਦੰਦਾਂ ਚੈਕ ਕਰਵਾਉਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਕਲੱਬ ਦੇ ਮੈਂਬਰ ਐਡਵੋਕੇਟ ਪੰਕਜ ਚੱਢਾ, ਹਰਬੰਸ ਸਿੰਘ,ਹਰਪ੍ਰੀਤ ਸਿੰਘ,ਪਰਮਪ੍ਰੀਤ ਸਿੰਘ, ਵਨੀਤ ਜੈਨ, ਮਨੋਜ਼ ਕੁਮਾਰ, ਸਾਹਿਲ ਕੋਹਲੀ, ਗੋਬਿੰਦਰ ਸਿੰਘ ਚੀਮਾ ਮਿਊਸਪਲ ਕੌਸਲਰ, ਐਡਵੋਕੇਟ ਗੁਰਮੁੱਖ ਸਿੰਘ ਮਾਨ,ਸਕੂਲ ਅਧਿਆਪਕ ਪਰਮਿੰਦਰ ਕੌਰ, ਮਨਜੀਤ ਕੌਰ, ਕੁਲਜੀਤ ਕੌਰ, ਕਿਰਨ ਬਾਲਾ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।


publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ ‘ਲੋਕ ਬਾਣੀ’ ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ ‘ਲੋਕ ਬਾਣੀ’ ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆਂ ਦਿੰਦੇ ਹੋਏ ਭਾਰਤੀ ਸੰਸਕ੍ਰਿਤੀ ਨਾਲ ਜੋੜਨਾ ਲਾਜ਼ਮੀ- ਕਰਨਲ ਚੀਮਾ

**ਲੋਕ ਬਾਣੀ/ ਖਰੜ,7 ਅਪ੍ਰੈਲ ਕਾਲਾ ਸਿੰਘ ਸੈਣੀ**

ਖਰੜ,7 ਅਪ੍ਰੈਲ (ਕਾਲਾ ਸਿੰਘ ਸੈਣੀ )-ਇੰਡਸ ਪਬਲਿਕ ਸਕੂਲ ਵੱਲੋਂ ਨਵੇ ਸੈਸ਼ਨ ਮੌਕੇ ਦਾਖਲਾ ਲੈਣ ਵਾਲੇ ਬੱਚਿਆਂ ਨੂੰ ਜੀ ਆਇਆ ਕਹਿੰਦੇ ਹੋਏ ਕੈਂਪਸ ਵਿਚ ਸਮਾਰੋਹ ਦਾ ਆਯੋਜਨ ਕਰਵਾਇਆ ਗਿਆ। ਇਸ ਦੌਰਾਨ ਨਵੇਂ ਸੈਸ਼ਨ ਵਿਚ ਆ ਰਹੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਗਿਆ । ਇਸ ਮੌਕੇ ਤੇ ਵਿਦਿਆਰਥੀਆਂ ਦੇ ਨਾਲ ਨਾਲ ਹਾਜ਼ਰ ਉਨ੍ਹਾਂ ਦੇ ਮਾਪਿਆਂ ਨੂੰ ਸਕੂਲ ਦੇ ਨਿਯਮਾਂ ਅਤੇ ਸਿੱਖਿਆਂ ਦੇ ਤਰੀਕਿਆਂ ਨਾਲ ਬੱਚਿਆਂ ਨੂੰ ਜਾਣੂ ਕਰਵਾਇਆਂ ਗਿਆ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਡਾਇਰੈਕਟਰ ਕਰਨਲ (ਰਿਟਾ.) ਐੱਸ.ਪੀ.ਐੱਸ.ਚੀਮਾ ਅਤੇ ਸਕੂਲ ਦੀ ਪ੍ਰਿੰਸੀਪਲ ਪਰਮਪ੍ਰੀਤ ਕੌਰ ਚੀਮਾ ਅਤੇ ਮੈਨੇਜਮੈਂਟ ਦੇ ਬਾਕੀ ਮੈਂਬਰਾਂ, ਅਧਿਆਪਕਾਂ, ਵਿਦਿਆਰਥੀਆਂ ਦੇ ਨਾਲ ਉਨ੍ਹਾਂ ਦੇ ਮਾਤਾ ਪਿਤਾ ਨੇ ਪ੍ਰਮਾਤਮਾ ਦੀ ਟ ਲੈਂਦੇ ਹੋਏ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੂੰ ਸਮਝਾਇਆਂ ਗਿਆ ਕਿ ਅੱਜ ਦੀ ਇਹ ਮਿਲਣੀ ਸਭ ਵਿਦਿਆਰਥੀਆਂ ਦੇ




ਉੱਜਲ ਭਵਿਖ ਲਈ ਕੀਤੀ ਜਾ ਰਿਹਾ ਹੈ। ਪ੍ਰਿੰਸੀਪਲ ਪਰਮਪ੍ਰੀਤ ਕੌਰ ਚੀਮਾ ਨੇ ਵਿਦਿਆਰਥੀਆਂ ਨੂੰ ਇੰਡਸ ਪਬਲਿਕ ਸਕੂਲ ਵਿਚ ਬਿਹਤਰੀਨ ਸਿੱਖਿਆਂ ਦੇ ਆਗਮਨ ਦਾ ਸੰਕੇਤ ਦੱਸਦੇ ਹੋਏ ਸਭ ਬੱਚਿਆਂ ਦੇ ਉੱਜਲ ਭਵਿਖ ਦੀ ਕਾਮਨਾ ਕੀਤੀ।

ਸਕੂਲ ਦੇ ਡਾਇਰੈਕਟਰ ਕਰਨਲ ਚੀਮਾ ਨੇ ਨਵੇਂ ਆਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਜੀ ਆਇਆ ਕਹਿੰਦੇ ਹੋਏ ਦੱਸਿਆਂ ਕਿ ਵਿਦਿਆਰਥੀ ਨਵੇਂ ਸੈਸ਼ਨ ਦੌਰਾਨ ਸਿੱਖਿਆਂ ਹਾਸਿਲ ਕਰਦੇ ਹੋਏ ਬੱਚੇ ਸਮਝਣਗੇ ਕਿ ਆਧੁਨਿਕ ਸਿੱਖਿਆਂ ਦੇ ਨਾਲ ਨਾਲ ਸੰਸਕ੍ਰਿਤੀ ਨਾਲ ਜੁੜੇ ਰਹਿਣਾ ਕਿੰਨਾ ਜ਼ਰੂਰੀ ਹੈ। ਉਨ੍ਹਾਂ ਬੱਚਿਆਂ ਨੇ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਬੱਚਿਆਂ ਨੂੰ ਆਧੁਨਿਕ ਸਿੱਖਿਆਂ ਦੇ ਨਾਲ ਭਾਰਤੀ ਸੰਸਕ੍ਰਿਤੀ ਨਾਲ ਜੋੜ ਕੇ ਰੱਖਣ ਨਾਲ ਹੀ ਦੇਸ਼ ਦੀ ਤਰੱਕੀ ਹੋ ਸਕਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੰਦੇ ਹੋਏ ਸਕੂਲ ਦੇ ਇਕ ਬਿਹਤਰੀਨ ਵਿਦਿਆਰਥੀ ਬਣਦੇ ਹੋਏ ਅੱਗੇ ਜਾ ਕੇ ਆਪਣੇ ਮਾਪਿਆਂ ਅਤੇ ਦੇਸ਼ ਦੀ ਸੇਵਾ ਕਰਨ ਦੀ ਪ੍ਰੇਰਨਾ ਦਿਤੀ।

# ਚੋਣਾਂ ਵੇਲੇ ਭਾਈਚਾਰਕ ਸਾਂਝ ਬਣਾਏ ਰੱਖਣਾ: ਨਵਾਬ

**ਲੋਕ ਬਾਣੀ/ ਸ਼੍ਰੀ ਅਨੰਦਪੁਰ ਸਾਹਿਬ, 7 ਅਪ੍ਰੈਲ(ਦਵਿੰਦਰਪਾਲ ਸਿੰਘ):**




ਦੇਸ਼ ਵਿੱਚ ਆਮ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਸਭ ਪਾਰਟੀਆਂ ਆਪਣੇ ਉਮੀਦਵਾਰ ਐਲਾਨ ਕਰ ਰਹੀਆਂ ਹਨ ਜਾਂ ਕਰ ਚੁੱਕੀਆਂ ਹਨ। ਪ੍ਰਚਾਰ ਦਾ ਸਿਲਸਿਲਾ ਵੀ ਜੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਚੁੱਕਾ ਹੈ। ਸਮਰਥਕ ਆਪਣੇ ਨੇਤਾ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਇੱਕ ਪਾਰਟੀ ਦੇ ਸਮਰਥਕ ਦੂਜੀ ਪਾਰਟੀ ਦੇ ਸਮਰਥਕਾਂ ਨੂੰ ਨੀਵਾਂ ਦਿਖਾਉਣ ਤੇ ਮਾੜਾ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਜਿਸ ਕਰਕੇ ਕਈ ਵਾਰ ਗੱਲ ਵੱਡੀਆਂ ਲੜਾਈਆਂ ਦਾ ਰੂਪ ਲੈ ਲੈਂਦੀ ਹੈ। ਇਸ ਬਾਰੇ ਉੱਘੇ ਲੇਖਕ ਅਤੇ ਸਮੀਖਿਅਕ ਨਵਾਬ ਫੈਸਲ ਖਾਨ ਨੇ ਕਿਹਾ ਕਿ ਚੋਣਾਂ ਦਾ ਮੌਸਮ ਆਉਂਦਾ ਜਾਂਦਾ ਰਹਿੰਦਾ ਹੈ। ਇਸ ਸਮੇਂ ਆਪਣੇ ਭਾਈਚਾਰੇ ਨੂੰ ਲਾਂਭੇ ਕਰਨਾ ਚੰਗੀ ਗੱਲ ਨਹੀਂ। ਹਰੇਕ ਵਿਅਕਤੀ ਦੇ ਆਪਣੇ ਵਿਚਾਰ ਤੇ ਆਪਣੀ ਵਿਚਾਰਧਾਰਾ ਹੁੰਦੀ ਹੈ। ਸਾਨੂੰ ਉਸ ਦਾ ਸਨਮਾਨ ਕਰਨਾ ਚਾਹੀਦਾ ਹੈ। ਸਾਨੂੰ ਆਪਣਾ ਭਾਈਚਾਰਾ, ਆਪਣੀ ਭਾਈਚਾਰਕ ਸਾਂਝ ਤੇ ਆਪਣੇ ਰਿਸ਼ਤੇ ਚੋਣਾਂ ਕਰਕੇ ਖਰਾਬ ਨਹੀਂ ਕਰਨੇ ਚਾਹੀਦੇ। ਹਕੂਮਤ ਭਾਵੇਂ ਕੋਈ ਵੀ ਆਵੇ ਉਸ ਤਾਂ ਮੁੱਖ ਉਦੇਸ਼ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਹੁੰਦਾ ਹੈ ਬਿਨਾਂ ਕਿਸੇ ਭੇਦਭਾਵ ਤੋਂ। ਇਹੀ ਲੋਕਤੰਤਰ ਦੀ ਆਤਮਾ ਹੈ। ਲੋਕਤੰਤਰ ਵਿੱਚ ਹਰ ਇੱਕ ਨੂੰ ਆਪਣੇ ਵਿਚਾਰ ਰੱਖਣ ਤੇ ਕਿਸੇ ਵੀ ਵਿਚਾਰਧਾਰਾ ਨੂੰ ਮੰਨਣ ਦੀ ਆਜ਼ਾਦੀ ਹੈ।

# ਨਵ ਪੰਜਾਬੀ ਸਹਿਤ ਸਭਾ ਕੋਟ ਈਸੇ ਖਾਂ ਦੀ ਚੋਣ ਵਿੱਚ ਸ਼ਮਸ਼ੇਰ ਸਿੰਘ ਸਰਬ ਸੰਮਤੀ ਨਾਲ ਬਣੇ ਪ੍ਰਧਾਨ

**ਲੋਕ ਬਾਣੀ/ ਕੋਟ ਈਸੇ ਖਾਂ 07 ਅਪ੍ਰੈਲ (ਅਰੋੜਾ)**

ਸਥਾਨਕ ਸ਼ਹਿਰ ਦੀ ਨਵ ਪੰਜਾਬੀ ਸਹਿਤ ਸਭਾ ਦੀ ਚੋਣ ਸਬੰਧੀ ਇਕ ਅਹਿਮ ਮੀਟਿੰਗ ਇਥੋਂ ਦੇ ਸਰਕਾਰੀ ਹਾਈ ਸਕੂਲ ਵਿਖੇ ਯਸ਼ਪਾਲ ਗੁਲਾਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਸਮੇਂ ਅਗਸਤ 2020 ਤੋਂ ਆਰਜੀ ਤੌਰ ਤੇ ਪੰਜ ਮੈਂਬਰੀ ਕਮੇਟੀ ਦੇ ਗਠਨ ਨਾਲ ਚਲਾਈ ਜਾ ਰਹੀ ਇਸ ਸਭਾ ਦੀ ਚੋਣ ਕੀਤੀ ਗਈ ਜਿਸ ਵਿੱਚ ਸਰਬ ਸੰਮਤੀ ਨਾਲ ਸ੍ਰੀ ਸ਼ਮਸ਼ੇਰ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ ਅਤੇ ਇਸ ਦੇ ਨਾਲ ਹੀ ਇਸ ਸਮੇਂ ਉਘੀ ਸ਼ਖਸ਼ੀਅਤ, ਸੀਨੀਅਰ ਸਾਹਿਤਕਾਰ ਅਤੇ ਗਜ਼ਲਗੋ ਸ੍ਰੀ ਜੀਵਨ ਸਿੰਘ ਹਾਣੀ ਨੂੰ ਸਹਿਤ ਸਭਾ ਦਾ ਮੁੱਖ ਸਲਾਹਕਾਰ, ਜੀਤਾ ਸਿੰਘ ਨਾਰੰਗ ਸਰਪ੍ਰਸਤ, ਖੁਸ਼ਹਾਲ ਗਲੋਟੀ (ਐਨ ਆਰ ਆਈ) ਨੂੰ ਸਰਪ੍ਰਸਤ, ਗੁਰਦੀਪ ਸਿੰਘ ਖਿਡਾ ਸੀਨੀਅਰ ਮੀਤ ਪ੍ਰਧਾਨ, ਸਰਬਜੀਤ ਸਿੰਘ ਭੁੱਲਰ ਮੀਤ ਪ੍ਰਧਾਨ, ਵਿਵੇਕ ਕੁਮਾਰ ਜਨਰਲ ਸਕੱਤਰ, ਯਸ਼ਪਾਲ ਗੁਲਾਟੀ ਸੰਯੁਕਤ ਸਕਤਰ, ਜਸਵਿੰਦਰ ਗਲੋਟੀ ਸਹਾਇਕ ਸਕੱਤਰ, ਪਵਨ ਅਰੋੜਾ ਵਿੱਤ ਸਕੱਤਰ, ਗੁਰਸਰਨ ਸਿੰਘ ਸਹਾਇਕ ਵਿਤ ਸਕੱਤਰ, ਨਿਰਮਲ ਸਿੰਘ ਕਾਲੜਾ ਪ੍ਰੈਸ ਸਕੱਤਰ, ਬਲਵਿੰਦਰ ਸਿੰਘ ਬੀਏ ਪ੍ਰਚਾਰ ਸਕੱਤਰ ਅਤੇ ਗੁਰਪ੍ਰੀਤ




ਸਿੰਘ ਕੈਲਵੀ, ਸੰਤੋਖ ਸਿੰਘ ਰਾਜਾ ਮਨੇਸ਼ ਕਾਰਜਕਾਰੀ ਮੈਂਬਰ ਬਣਾਏ ਗਏ। ਇਸ ਸਮੇਂ ਇੱਕ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਜੀਵਨ ਸਿੰਘ ਹਾਣੀ, ਸ਼ਮਸ਼ੇਰ ਸਿੰਘ, ਬਲਵਿੰਦਰ ਸਿੰਘ ਬੀਏ, ਸ਼ੁਭਮ, ਵਿਵੇਕ, ਗੁਰਸ਼ਰਨ ਸਿੰਘ, ਹਰੀ ਸਿੰਘ ਚੌਹਾਨ ਜੀਰਾ, ਗੁਰਪ੍ਰੀਤ ਕੈਲਵੀ, ਸੁਖਬੀਰ ਮੁਹੱਬਤ, ਸੰਤੋਖ ਸਿੰਘ ਰਾਜਾ ਮਨੇਸ਼, ਕੁਲਵੰਤ ਸਿੰਘ ਜੀਰਾ, ਹਰਭਿੰਦਰ ਸਿੰਘ ਸੰਧੂ ਪੀਰ ਮੁਹੰਮਦ, ਜੀਤਾ ਸਿੰਘ ਨਾਰੰਗ, ਯਸ਼ਪਾਲ ਗੁਲਾਟੀ, ਗੁਰਦੀਪ ਸਿੰਘ ਖਿਡਾ ਆਦਿ ਵੱਲੋਂ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਅਖੀਰ ਵਿੱਚ ਇਹ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਸਭਾ ਨੂੰ ਰਜਿਸਟਰ ਕਰਵਾਇਆ ਜਾਵੇ ਜੋ ਕਿ ਕੋਈ ਡੇਢ ਦੋ ਦਹਾਕਿਆਂ ਤੋਂ ਇਸੇ ਤਰ੍ਹਾਂ ਚੱਲੀ ਆ ਰਹੀ ਹੈ ਅਤੇ ਇਸ ਦੇ ਵੱਧ ਤੋਂ ਵੱਧ ਮੈਂਬਰ ਬਣਾਉਣ ਲਈ ਵੀ ਢੁਕਵੇਂ ਉਪਰਾਲੇ ਕੀਤੇ ਜਾਣ।

# ਸਾਲ 2023-24 ਮੈਡਲ ਵਿਜੇਤਾ ਜੂਡੋ ਖਿਡਾਰੀਆਂ ਨੂੰ ਜੂਡੋ ਸੈਂਟਰ ਵਿਖੇ ਕੀਤਾ ਸਨਮਾਨਿਤ

## ਸਾਬਕਾ ਐਸ ਐਸ ਪੀ ਵਿਜੀਲੈਂਸ ਵਰਿੰਦਰ ਸਿੰਘ ਸੰਧੂ ਨੇ ਦਿੱਤਾ ਖਿਡਾਰੀਆਂ ਨੂੰ ਆਸ਼ੀਰਵਾਦ

ਲੋਕ ਬਾਣੀ/ ਗੁਰਦਾਸਪੁਰ-ਨਵਨੀਤ ਕੁਮਾਰ







ਸ਼ਹੀਦ ਭਗਤ ਸਿੰਘ ਜੂਡੋ ਟ੍ਰੇਨਿੰਗ ਸੈਂਟਰ ਗੁਰਦਾਸਪੁਰ ਵਿਖੇ ਸਾਲ 2023-24 ਦੌਰਾਨ ਦੇਸ਼ ਵਿਦੇਸ਼ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੂਡੋ ਖਿਡਾਰੀਆਂ ਅਤੇ ਕੋਚਾਂ, ਰੈਫਰੀਆਂ ਅਤੇ ਪ੍ਰਬੰਧਕਾਂ ਨੂੰ ਸਨਮਾਨਿਤ ਕੀਤਾ ਗਿਆ। ਵੱਡੀ ਗਿਣਤੀ ਵਿਚ ਜੂਡੋ ਖੇਡ ਪ੍ਰੇਮੀਆਂ, ਖਿਡਾਰੀ ਮਾਪਿਆਂ, ਨੇ ਇਸ ਇਨਾਮ ਵੰਡ ਸਮਾਗਮ ਵਿੱਚ ਸ਼ਾਮਲ ਹੋ ਕੇ ਜੇਤੂ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਲੰਮੇ ਸਮੇਂ ਤੋਂ ਜੂਡੋ ਖੇਡ ਨਾਲ ਜੁੜੇ ਸੇਵਾ ਮੁਕਤ ਐਸ ਐਸ ਪੀ ਵਿਜੀਲੈਂਸ ਵਰਿੰਦਰ ਸਿੰਘ ਸੰਧੂ ਨੇ ਕੀਤੀ। ਜੂਡੋ ਟ੍ਰੇਨਿੰਗ ਸੈਂਟਰ ਦੇ ਸੰਚਾਲਕ ਅਮਰਜੀਤ ਸ਼ਾਸਤਰੀ ਸਾਲਾਨਾ ਰਿਪੋਰਟ ਜਾਰੀ ਕਰਦਿਆਂ ਕਿਹਾ ਕਿ ਸਾਲ2023-24 ਦਾ ਸਾਲ ਗੁਰਦਾਸਪੁਰ ਦੇ ਜੂਡੋ ਇਤਿਹਾਸ ਵਿਚ ਸੁਨਹਿਰੀ ਹੋ ਨਿਬੜਿਆ ਹੈ। ਜਸਲੀਨ ਸਿੰਘ ਸੈਣੀ ਅਤੇ ਕਰਨਜੀਤ ਸਿੰਘ ਮਾਨ ਵਰਗੇ ਖਿਡਾਰੀਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਮੈਡਲ ਜਿੱਤਕੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਵਿਸ਼ਵ ਪੁਲਿਸ ਖੇਡਾਂ ਕਨੇਡਾ ਵਿਚ ਹਰਮੀਤ ਸਿੰਘ, ਸਰਬਜੀਤ ਸਿੰਘ ਨੇ ਮੈਡਲ ਜਿੱਤੇ ਹਨ।ਪੰਜਾਬ ਪੱਧਰ ਦੇ 11 ਜੂਡੋ ਮੁਕਾਬਲਿਆਂ ਵਿੱਚ ਗੁਰਦਾਸਪੁਰ ਦੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੇ 10 ਮੁਕਾਬਲਿਆਂ ਵਿੱਚ ਪਹਿਲਾ ਅਤੇ ਇੱਕ ਮੁਕਾਬਲੇ ਵਿਚ ਦੂਸਰਾ ਸਥਾਨ ਪ੍ਰਾਪਤ ਕਰਕੇ 100 ਤੋਂ ਵਧੇਰੇ ਮੈਡਲ ਜਿੱਤਣ ਦਾ ਮਾਣ ਹਾਸਲ ਕੀਤਾ ਹੈ। ਇਸੇ ਤਰ੍ਹਾਂ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ 16 ਖਿਡਾਰੀਆਂ ਨੇ ਮੈਡਲ ਜਿੱਤੇ ਹਨ। 17 ਖਿਡਾਰੀਆਂ ਨੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਹੈ। ਇਸ ਸਾਲ ਗੁਰਦਾਸਪੁਰ ਸ਼ਹਿਰ ਵਿਚ ਪੰਜਾਬ ਪੱਧਰ ਦੇ ਪੰਜ ਮੁਕਾਬਲੇ ਕਰਵਾਏ ਗਏ ਜਿਸ ਵਿਚ ਪੰਜਾਬ ਭਰ ਤੋਂ 2500 ਤੋਂ ਵਧੇਰੇ ਖਿਡਾਰੀਆਂ ਨੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ ਸੀ। ਗੁਰਦਾਸਪੁਰ ਦੀ ਮਹਿਮਾਨਨਿਵਾਜ਼ੀ ਤੋਂ ਪ੍ਰਭਾਵਿਤ ਹੋ ਕੇ ਖਿਡਾਰੀ ਵਾਰ ਵਾਰ ਗੁਰਦਾਸਪੁਰ ਆਉਣਾ ਚਾਹੁੰਦੇ ਹਨ। ਖਿਡਾਰੀਆਂ ਦੀ ਫਿਟਨੈਂਸ ਬਹਿਤਰੀ ਲਈ 11 ਲੱਖ ਰੁਪਏ ਦਾ ਮਲਟੀਪਰਪਜ ਜਿੰਮ ਸਥਾਪਤ ਕੀਤਾ ਗਿਆ ਹੈ। ਜੋਰਜੀਆ ਟ੍ਰੇਨਿੰਗ ਸਰਕਟ ਲਈ ਜਲਦੀ ਹੀ ਬਾਹਰ ਗਰਾਉਂਡ ਵਿਚ ਓਪਨ ਜਿਮ ਮਟਰੀਅਲ ਸਥਾਪਤ ਕੀਤਾ ਜਾਵੇਗਾ।ਉਹਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਲੜਕੀਆਂ ਦਾ ਜੂਡੋ ਸੈਂਟਰ ਗੁਰਦਾਸਪੁਰ ਵਿਖੇ ਖੋਲਿਆ ਜਾ ਰਿਹਾ ਹੈ। ਖੇਡ ਵਿਭਾਗ ਪੰਜਾਬ ਵੱਲੋਂ ਜਲਦੀ ਹੀ ਗੈਰ ਰਿਹਾਇਸ਼ੀ ਖੇਡ ਵਿੰਗ ਚਾਲੂ ਕੀਤਾ ਜਾਵੇਗਾ। ਜਿਸ ਵਿਚ ਖਿਡਾਰੀਆਂ ਨੂੰ 125 ਰੁਪਏ ਪ੍ਰਤੀ ਦਿਨ ਖੁਰਾਕ ਰਾਸ਼ੀ ਦਿੱਤੀ ਜਾਵੇਗੀ। ਖਿਡਾਰੀਆਂ ਦੇ ਮਾਪਿਆਂ, ਖੇਡ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜੂਡੋਕਾ ਵੈਲਫੇਅਰ ਸੁਸਾਇਟੀ ਦੀ ਵਿੱਤ ਸਕੱਤਰ ਮੈਡਮ ਬਲਵਿੰਦਰ ਕੌਰ ਨੇ ਸੰਸਥਾ ਦੀ ਵਿੱਤੀ ਲੋੜਾਂ ਪੂਰੀਆਂ ਕਰਨ ਲਈ ਵੱਧ ਤੋਂ ਵੱਧ ਦਾਨ ਕਰਨ ਦੀ ਅਪੀਲ ਕੀਤੀ। ਅਤੇ ਖਿਡਾਰੀਆਂ ਨੂੰ ਸਖ਼ਤ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ। ਉਹਨਾਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਲਈ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਣ।ਇਸ ਮੌਕੇ ਸਾਲ 2024ਦੇ ਸੈਸ਼ਨ ਲਈ ਦੀਪ ਜੋਤੀ ਪ੍ਰਜਵਲਿਤ ਕਰਕੇ ਖਿਡਾਰੀਆਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ ਗਈ। ਖਿਡਾਰੀਆਂ ਨੂੰ ਰਜਿਸਟ੍ਰੇਸ਼ਨ ਫਾਰਮ ਜਾਰੀ ਕੀਤੇ ਗਏ। ਸ਼ਹਿਰ ਦੇ ਮਸ਼ਹੂਰ ਵਪਾਰਕ ਅਦਾਰੇ ਨਾਲ ਸਬੰਧਤ ਆਕਾਸ਼ ਫਾਇਨਾਂਸ ਨੇ ਖਿਡਾਰੀਆਂ ਦੀ ਪ੍ਰਾਪਤੀਆਂ ਤੇ ਖੁਸ਼ ਹੋ ਕੇ ਹਰ ਤਰ੍ਹਾਂ ਦੀ ਵਿੱਤੀ ਮਦਦ ਕਰਨ ਦਾ ਭਰੋਸਾ ਦਿੱਤਾ।ਅੱਜ ਦੇ ਸਮਾਗਮ ਵਿੱਚ ਜੂਡੋ ਕੋਚ ਰਵੀ ਕੁਮਾਰ, ਦਿਨੇਸ਼ ਕੁਮਾਰ, ਅਤੁੱਲ ਕੁਮਾਰ, ਲਕਸ਼ੇ ਕੁਮਾਰ, ਮੈਡਮ ਤਮੰਨਾ, ਮੁਨੀਸ਼ ਕੁਮਾਰ ਨੂੰ ਉਨ੍ਹਾਂ ਦੇ ਖੇਡਾਂ ਦੇ ਖੇਤਰ ਵਿਚ ਪਾਏ ਅਮੁੱਲ ਯੋਗਦਾਨ ਪਾਉਣ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਿਮਨਾਸਟਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਜੇ ਐਲ ਬੱਗਾ ਡਿਪਟੀ ਕਮਾਂਡੈਂਟ ਸੀ ਆਰ ਪੀ,ਬਲਵਿੰਦਰ ਕੌਰ, ਮਿਤਰਵਸੂ, ਹਰਭਜਨ ਸਿੰਘ, ਰਵਿੰਦਰ ਖੰਨਾ, ਗਗਨਦੀਪ ਸ਼ਰਮਾ, ਰਵਿੰਦਰ ਪਠਾਨੀਆ, ਸੁਨੀਲ ਦੱਤ , ਅਨਿਲ ਕੁਮਾਰ,ਮੈਡਮ ਅਨੀਤਾ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਲੈਕਚਰਾਰ ਰਜਵੰਤ ਕੌਰ, ਪਰਮ ਕੁਲਜੀਤ ਸਿੰਘ ਡਾਕਟਰ ਮਨਿੰਦਰ ਠਾਕੁਰ ਹਾਜ਼ਰ ਸਨ।

# ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਨੇ ਰਮਜ਼ਾਨ ਮੌਕੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਇਫਤਾਰੀ ਪਾਰਟੀ

ਲੋਕ ਬਾਣੀ



ਨਵਾਂਸ਼ਹਿਰ, 07 ਅਪ੍ਰੈਲ -ਅੱਜ ਰੋਜ਼ਾ ਖੋਲ੍ਹਣ ਸਮੇਂ ਜਾਮਾ ਮਸਜਿਦ ਨਵਾਂਸ਼ਹਿਰ ਵਿਖੇ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਲੋਂ ਇਤਫਾਰੀ ਪਾਰਟੀ ਦੇ ਕੇ ਸਿੱਖ ਮੁਸਲਮਾਨ ਭਾਈਚਾਰਕ ਦਾ ਸੰਦੇਸ਼ ਦਿੱਤਾ । ਮੌਲਵੀ ਸਾਹਿਬ ਦੀ ਅਗਵਾਈ ‘ਚ ਮੁਸਲਮਾਨ ਭਾਈਆ ਵਲੋਂ ਸਿੱਖ ਭਾਈਚਾਰੇ ਦਾ ਧੰਨਵਾਦ ਕਰਕੇ ਰਮਜ਼ਾਨ ਦੇ ਇਤਿਹਾਸ ਵਾਰੇ ਚਰਚਾ ਕੀਤੀ । ਉਹਨਾਂ ਦੱਸਿਆ ਈਦ-ਉਲ-ਫਿਤਰ ਦੇ ਤਿਉਹਾਰ ਯਾਨੀ ਈਦ ਦਾ ਇਸਲਾਮ ਧਰਮ ਵਿਚ ਵਿਸ਼ੇਸ਼ ਮਹੱਤਵ ਹੈ । ਇਹ ਤਿਉਹਾਰ ਰਮਜ਼ਾਨ ਦੇ ਪਵਿੱਤਰ ਮਹੀਨੇ ਦੇ ਅੰਤ ਦੇ ਨਾਲ ਚੰਦ ਦੇ ਦਰਸ਼ਨ ਤੋਂ ਬਾਅਦ ਮਨਾਇਆ ਜਾਂਦਾ ਹੈ । ਇਸ ਨੂੰ ਮੀਠੀ ਈਦ ਵੀ ਕਿਹਾ ਜਾਂਦਾ ਹੈ । ਮੁਸਲਿਮ ਭਾਈਚਾਰੇ ਦੇ ਲੋਕ ਇਸ ਤਿਉਹਾਰ ਨੂੰ ਬੜੀ ਧੂਮਧਾਮ ਨਾਲ ਮਨਾਉਂਦੇ ਹਨ । ਉਹ ਇੱਕ ਦੂਜੇ ਨੂੰ ਗਲੇ ਲਗਾ ਕੇ ਈਦ ਦੀ ਵਧਾਈ ਦਿੰਦੇ ਹਨ । ਉਹਨਾ ਨੇ ਦੱਸਿਆ ਕਿ ਇਸਲਾਮੀ ਚੰਦਰ ਕੈਲੰਡਰ ਦੇ ਅਨੁਸਾਰ, ਈਦ ਦਾ ਤਿਉਹਾਰ ਸ਼ਵਾਲ ਮਹੀਨੇ (10ਵੇਂ ਮਹੀਨੇ) ਦੇ ਪਹਿਲੇ ਦਿਨ ਮਨਾਇਆ ਜਾਂਦਾ ਹੈ ।ਈਦ-ਉਲ-ਫਿਤਰ ਵਿਚ ਅੱਲ੍ਹਾ ਦੀ ਇਬਾਦਤ ਦੇ ਨਾਲ-ਨਾਲ ਫਿਤਰਾ ਕਰਨ ਦਾ ਵੀ ਵਿਸ਼ੇਸ਼ ਮਹੱਤਵ ਹੈ। ਜੇਕਰ ਫਿਤਰੇ ਦੀ ਗੱਲ ਕਰੀਏ ਤਾਂ ਢਾਈ ਕਿੱਲੋ ਕਣਕ ਜਾਂ ਇਸ ਦੇ ਬਰਾਬਰ ਦੀ ਰਕਮ ਦਾਨ ਦਿੱਤੀ ਜਾਂਦੀ ਹੈ। ਜੇਕਰ ਤੁਸੀਂ ਚਾਹੋ ਤਾਂ ਹੋਰ ਵੀ ਫਿਤਰਾ ਕਰ ਸਕਦੇ ਹੋ। ਇਹ ਫਿਤਰਾ ਗਰੀਬਾਂ, ਵਿਧਵਾਵਾਂ ਜਾਂ ਲੋੜਵੰਦਾਂ ਨੂੰ ਦਿੱਤਾ ਜਾਂਦਾ ਹੈ । ਇਸ ਮੌਕੇ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਨਵਾਂਸ਼ਹਿਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਥਾਂਦੀ ਨੇ ਦੱਸਿਆ ਕਿ ਅਸੀਂ ਸਾਰੇ ਉਸ ਅਕਾਲ ਪੁਰਖ ਦੇ ਬੰਦੇ ਹਾਂ। ਉਨ੍ਹਾਂ ਕਿਹਾ ਕੋਈ ਵੀ ਧਰਮ ਇਨਸਾਨ ਤੋਂ ਇਨਸਾਨ ਲਈ ਨਫ਼ਰਤ ਕਰਨਾ ਨਹੀਂ ਸਿਖਾਉਂਦਾ ਸਗੋਂ ਆਪਸੀ ਮੇਲ-ਜੋਲ ਤੇ ਪਿਆਰ ਦਾ ਹੀ ਸੰਦੇਸ਼ ਦਿੰਦਾ ਹੈ । ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਵਾਂਸ਼ਹਿਰ ਦੇ ਗ੍ਰੰਥੀ ਭਾਈ ਮਨਜੀਤ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਵਾਰੇ ਦੱਸਦੇ ਹੋਏ ਕਿਹਾ ਕਿ ਸਾਨੂੰ ਆਪਸੀ ਪਿਆਰ ਮੁਹੱਬਤ ਨਾਲ ਰਹਿਣਾ ਚਾਹੀਦਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਥਾਂਦੀ, ਅਮਰਜੀਤ ਸਿੰਘ ਖ਼ਾਲਸਾ, ਗ੍ਰੰਥੀ ਮਨਜੀਤ ਸਿੰਘ, ਸੁਖਵਿੰਦਰ ਸਿੰਘ, ਇਕਰਾਰ ਜੀ, ਸ਼ਾਹਿਦ ਮੁਹੰਮਦ, ਰਾਸ਼ਿਦ ਖ਼ਾਨ, ਮੌਲਵੀ ਮੁਫਤੀ, ਮੁਫਤੀ ਗੁਲਸ਼ਾਦ, ਪ੍ਰਧਾਨ ਨੂਰ ਹਸਨ, ਖੁਰਸ਼ੀਦ ਅਹਿਮਦ ਸ਼ਾਹਿਦ, ਹਨੀਫ ਮੁਹੰਮਦ, ਉਸਮਾਨ, ਸਲੀਮ ਅੰਸਾਰੀ, ਅਬਰਾਰ ਅਹਿਮਦ, ਇਮਤਿਆਜ, ਇਫਤਿਖਾਰ, ਆਜ਼ਾਦ, ਰਣਜੀਤ ਸਿੰਘ, ਅਵਤਾਰ ਸਿੰਘ, ਅਮਰਦੀਪ ਸਿੰਘ, ਜਸਪ੍ਰੀਤ ਸਿੰਘ, ਹਰਮਨਜੀਤ ਸਿੰਘ ਅਤੇ ਹੈਰੀ ਆਦਿ ਹਾਜ਼ਰ ਸਨ।

# ਗ੍ਰਿਫ਼ਤਾਰ ਕੀਤੇ ਕਿਸਾਨਾਂ ਦੀ ਰਿਹਾਈ ਲਈ ਕਿਸਾਨ ਯੂਨੀਅਨਾਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

ਲੋਕ ਬਾਣੀ

ਬਠਿੰਡਾ, – ਕਿਸਾਨ ਮਜਦੂਰ ਮੋਰਚਾ ਅਤੇ ਐਸਕੇਐੱਮ ਗ਼ੈਰ ਰਾਜਨੀਤਕ ਵੱਲੋਂ ਨੌਜਵਾਨ ਕਿਸਾਨ ਨਵਦੀਪ ਜਲਬੇੜਾ ਤੇ ਉਸਦੇ ਦੋ ਹੋਰ ਸਾਥੀਆਂ ਜਿਹਨਾਂ ਨੂੰ ਬੀਤੇ ਦਿਨੀਂ ਹਰਿਆਣਾ ਪੁਲਿਸ ਵੱਲੋਂ ਮੋਹਾਲੀ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਮੌਕੇ ਗ੍ਰਿਫ਼ਤਾਰ ਕੀਤੇ ਹੋਏ ਇਹਨਾਂ ਕਿਸਾਨਾਂ ਦੀ ਰਿਹਾਈ ਲਈ ਦੋਹਾਂ ਫੋਰਮਾਂ ਵੱਲੋਂ ਅੱਜ ਐਤਵਾਰ ਦੇ ਦਿਨ ਦੇਸ਼ਭਰ ਵਿੱਚ ਮੋਦੀ ਸਰਕਾਰ ਦੇ ਪੁਤਲੇ ਫੂਕਣ ਦਾ ਸੱਦਾ ਦਿੱਤਾ ਗਿਆ ਸੀ। ਇਸ ਸੱਦੇ ਨੂੰ ਲਾਗੂ ਕਰਨ ਲਈ ਬੀਕੇਯੂ ਕ੍ਰਾਂਤੀਕਾਰੀ ਪੰਜਾਬ ਅਤੇ ਬੀਕੇਯੂ ਏਕਤਾ ਸਿੱਧੂਪੁਰ ਵੱਲੋਂ ਸਾਂਝੇ ਤੌਰ ਤੇ ਬਠਿੰਡਾ ਵਿਖੇ ਰੋਸ਼ ਪ੍ਰਦਰਸ਼ਨ ਉਪਰੰਤ ਮੋਦੀ ਸਰਕਾਰ ਦੀ ਅਰਥੀ ਫੂਕੀ ਗਈ। ਇਸ ਮੌਕੇ ਸੰਬੋਧਨ ਦੌਰਾਨ ਬੀਕੇਯੂ ਕ੍ਰਾਂਤੀਕਾਰੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਬੀਬੀ ਸੁਖਵਿੰਦਰ ਕੌਰ ਜਲਾਲ਼ ਨੇ ਕਿਹਾ ਕਿ ਲੰਘੀ 13 ਫ਼ਰਵਰੀ ਤੋਂ ਕਿਸਾਨ ਲਗਾਤਾਰ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਉੱਪਰ ਮੋਰਚਿਆਂ ਤੇ ਡਟੇ ਹੋਏ ਹਨ ਪਰ ਕੇਂਦਰ ਦੀ ਭਾਜਪਾ ਹਕੂਮਤ ਲਗਾਤਾਰ ਕਿਸਾਨਾਂ ਉੱਪਰ ਜਬਰ ਢਾਉਣ ਦੇ ਰਾਹ ਤੁਰੀ ਹੋਈ ਹੈ। ਓਹਨਾਂ ਕਿਹਾ ਕਿ ਵਾਟਰ ਕੈਂਨਨ ਨਾਲ ਮਸ਼ਹੂਰ ਨਵਦੀਪ ਜਲਬੇੜਾ ਸਮੇਤ ਉਸਦੇ ਦੋ ਹੋਰ ਸਾਥੀਆਂ ਨੂੰ ਹਰਿਆਣਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਓਹਨਾਂ ਉੱਪਰ ਜ਼ੁਲਮ ਢਾਹਿਆ ਗਿਆ ਜੋ ਕਿ ਓਹਨਾਂ ਦੇ ਪਿਤਾ ਨੇ ਇਹ ਸਾਰੀ ਗੱਲ ਸਾਹਮਣੇ ਰੱਖੀ ਸੀ। ਓਹਨਾਂ ਕਿਹਾ ਕਿ ਨਵਦੀਪ ਜਲਬੇੜਾ ਇਸ ਵਾਰ ਵੀ ਸ਼ੰਭੂ ਬਾਰਡਰ ਉੱਪਰ ਬੈਰੀਗੇਟ ਤੋੜਨ ਲਈ ਜੇਸੀਬੀ ਮਸ਼ੀਨਾਂ ਸਮੇਤ ਪੁੱਜਿਆ ਸੀ ਜਿਸਦਾ ਕਿ ਉਸਤੋਂ ਹਰਿਆਣਾ ਸਰਕਾਰ ਬਦਲਾ ਲੈ ਰਹੀ ਹੈ। ਇਸ ਮੌਕੇ ਓਹਨਾਂ ਕਿਹਾ ਕਿ ਜੇਕਰ ਹਰਿਆਣਾ ਪੁਲਿਸ ਇਹਨਾਂ ਨੌਜਵਾਨਾਂ ਨੂੰ ਰਿਹਾਅ ਨਹੀਂ ਕਰਦੀ ਤਾਂ ਆਉਂਦੀ 9 ਅਪ੍ਰੈਲ ਨੂੰ ਸ਼ੰਭੂ ਬਾਰਡਰ ਤੋਂ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ।



ਇਸ ਮੌਕੇ ਸੰਬੋਧਨ ਦੌਰਾਨ ਬੀਕੇਯੂ ਏਕਤਾ ਸਿੱਧੂਪੁਰ ਦੇ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਕਿਹਾ ਨਵਦੀਪ ਸਿੰਘ ਜਲਬੇੜਾ ਤੇ ਉਸਦੇ ਸਾਥੀਆਂ ਦੀ ਰਿਹਾਈ ਲਈ ਅੱਜ ਪੂਰੇ ਦੇਸ਼ਭਰ ਵਿੱਚ ਕੇਐੱਮਐੱਮ ਤੇ ਐਸਕੇਐੱਮ ਗ਼ੈਰ ਰਾਜਨੀਤਕ ਦੇ ਸਾਂਝੇ ਸੱਦੇ ਤਹਿਤ ਕੇਂਦਰ ਦੀ ਮੋਦੀ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ ਹੈ। ਓਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਜਿਸ ਪ੍ਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਹੈ ਬਿਲਕੁਲ ਉਸੇ ਪ੍ਰਕਾਰ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਆਗੂਆਂ ਦਾ ਵੀ ਪਿੰਡਾਂ ਅੰਦਰ ਤਿੱਖਾ ਵਿਰੋਧ ਕੀਤਾ ਜਾਵੇਗਾ।

ਓਹਨਾਂ ਕਿਹਾ ਕਿ ਕਿਸਾਨਾਂ ਉੱਪਰ ਢਾਹੇ ਗਏ ਜਬਰ ਜ਼ੁਲਮ ਸੰਬੰਧੀ ਇਹਨਾਂ ਦੇ ਆਗੂਆਂ ਤੋਂ ਸਵਾਲ ਪੁੱਛੇ ਜਾਣਗੇ। ਇਸ ਮੌਕੇ ਓਹਨਾਂ ਕਿਹਾ ਕਿ ਜਿਹਨਾਂ ਮੰਗਾਂ ਨੂੰ ਲੈਕੇ ਕਿਸਾਨ ਬਾਰਡਰਾਂ ਉੱਪਰ ਪੱਕਾ ਮੋਰਚਾ ਲਗਾਕੇ ਬੈਠੇ ਹਨ ਓਹ ਮੋਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਵਾਅਦੇ ਸਨ ਜਿਹਨਾਂ ਨੂੰ ਪੂਰਾ ਕਰਵਾਉਣਾ ਸਾਡਾ ਹੱਕ ਹੈ। ਇਸ ਮੌਕੇ ਬੀਕੇਯੂ ਕ੍ਰਾਂਤੀਕਾਰੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਮਹਿਰਾਜ ਤੇ ਮੀਤ ਪ੍ਰਧਾਨ ਦਰਸ਼ਨ ਢਿੱਲੋਂ ਫੂਲ਼ ਅਤੇ ਬੀਕੇਯੂ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਜਨਰਲ ਸਕੱਤਰ ਰੇਸ਼ਮ ਸਿੰਘ ਯਾਤਰੀ ਤੋਂ ਇਲਾਵਾ ਹੋਰ ਵੀ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ ਤੇ ਵੱਡੀ ਗਿਣਤੀ ਚ ਕਿਸਾਨ ਅਤੇ ਬੀਬੀਆਂ ਹਾਜ਼ਰ ਸਨ।

# ਸੰਭੂ ਬਾਰਡਰ ਤੇ ਚੱਲ ਰਹੇ ਕਿਸਾਨੀ ਅੰਦੋਲਨ ਸਬੰਧੀ ਪਿੰਡ ਲਹੀਆ ਵਿਖੇ ਕੀਤੀ ਮੀਟਿੰਗ

ਲੋਕ ਬਾਣੀ

ਸਰਾਏ ਅਮਾਨਤ ਖਾਂ, – – ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਪੰਜਾਬ ਜੋਨ ਸੈਣ ਭਗਤ ਜੀ ਦੀ ਇਕਾਈ ਲਹੀਆ ਵਿਖੇ ਜੋਨ ਪ੍ਰਧਾਨ ਪਰਮਜੀਤ ਸਿੰਘ ਛੀਨਾਂ ਸਕੱਤਰ ਹਰਪ੍ਰੀਤ ਸਿੰਘ ਭੁੱਚਰ ਇਕਾਈ ਪ੍ਰਧਾਨ ਗੁਰਦਿਆਲ ਸਿੰਘ ਲਹੀਆ ਦੀ ਅਗਵਾਈ ਵਿਚ ਮੀਟਿੰਗ ਕੀਤੀ ਗਈ।ਇਹ ਮੀਟਿੰਗ ਜ਼ਿਲ੍ਹਾ ਖਜਾਨਚੀ ਫਤਿਹ ਸਿੰਘ ਪਿੰਦੀ,ਜ਼ਿਲ੍ਹਾ ਪ੍ਰੈਸ ਸਕੱਤਰ ਰਣਜੋਧ ਸਿੰਘ ਗੱਗੋਬੂਹਾ ਵੱਲੋਂ ਕੀਤੀ ਗਈ ਜਿਸ ਵਿਚ ਉਨ੍ਹਾਂ ਕਿਹਾ ਕਿ ਸੰਬੂ ਬਾਰਡਰ ਤੇ ਚੱਲ ਰਹੇ ਕਿਸਾਨੀ ਅੰਦੋਲਨ ਨੂੰ ਵੱਡੇ ਸਿਖ਼ਰ ਤੇ ਲਿਜਾਣ ਲਈ ਜੋਨ ਦੇ ਵੱਖ ਵੱਖ ਪਿੰਡਾਂ ਦੀਆਂ ਇਕਾਈਆਂ ਦੀਆਂ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਜਿਸ ਨੂੰ ਲੈ ਕੇ ਮੀਟਿੰਗਾਂ ਵਿੱਚ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਕਿਸਾਨ ਮਜ਼ਦੂਰ ਜਥੇਬੰਦੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਦੀ ਕੇਦਰ ਸਰਕਾਰ ਫਸਲਾਂ ਤੇ ਐੱਮ ਐੱਸ ਪੀ ਅਤੇ ਹੋਰ ਕਿਸਾਨੀ ਮਸਲਿਆਂ ਨੂੰ ਜਲਦੀ ਹੱਲ ਕਰੇ। ਉਨ੍ਹਾਂ ਕਿਹਾ ਕਿ ਜਦ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੇਗੀ ਉਦੋਂ ਤੱਕ ਕਿਸਾਨੀ ਮੋਰਚਾ ਇਸੇ ਤਰ੍ਹਾਂ ਚੱਲਦਾ ਰਹੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਪਿੰਡ ਲਹੀਆ ਤੋਂ ਕਿਸਾਨਾਂ ਦਾ ਵੱਡਾ ਜਥਾ ਸੰਬੂ ਬਾਡਰ ਲਈ ਰਵਾਨਾ ਕੀਤਾ ਜਾਵੇਗਾ। ਇਸ ਮੌਕੇ ਮੀਟਿੰਗ ਵਿੱਚ ਇਕਾਈ ਪ੍ਰਧਾਨ ਗੁਰਦਿਆਲ ਸਿੰਘ ਲਹੀਆਂ, ਬਲਕਾਰ ਸਿੰਘ ਲਹੀਆ, ਸਲਵਿੰਦਰ ਸਿੰਘ ਲਾਡੀ,ਸਰਵਨ ਸਿੰਘ, ਗੁਰਮੇਜ ਸਿੰਘ ਕਾਲੂ,ਕਸ਼ਮੀਰ ਸਿੰਘ, ਮੇਜ਼ਰ ਸਿੰਘ, ਹਰਜਿੰਦਰ ਸਿੰਘ, ਕਾਬਲ ਸਿੰਘ,ਕਾਰਜ਼ ਸਿੰਘ, ਸੁਖਵਿੰਦਰ ਸਿੰਘ ਪੱਪੂ, ਬਲਰਾਜ ਸਿੰਘ, ਸੁਪਿੰਦਰ ਸਿੰਘ ਸੱਗੂ,ਦਿਲਸ਼ੇਰ ਸਿੰਘ, ਗੁਰਪ੍ਰੀਤ ਸਿੰਘ, ਰੋਬਿਨ ਸਿੰਘ, ਗੁਰਲਾਲ ਸਿੰਘ ਆਦਿ ਹਾਜ਼ਰ ਸਨ।





# ਪਰਿਵਾਰਕ ਰਿਸ਼ਤਿਆਂ ਦੀ ਗਾਥਾ ਬਿਆਨ ਕਰਦੀ ਕਹਾਣੀ ਸਾਂਝੀ ਬੈਠਕ



ਵਿਆਹ ਤੋਂ ਬਾਅਦ ਤਾਂ ਉਨ੍ਹਾਂ ਨੇ ਬੋਲ-ਚਾਲ ਹੀ ਬੰਦ ਕਰਤੀ, ਦੋ ਤਾਂ ਆਏ ਨਹੀਂ ਵਿਆਹ 'ਚ, ਕਹਿੰਦੇ ਜੀਹਨੇ ਸਾਡੇ ਧੀ ਜੁਆਈ ਨੀ ਬੁਲਾਏ, ਅਸੀਂ ਵਿਆਹ 'ਚ ਜਾਂਦੇ ਕਿਵੇਂ ਚੰਗੇ ਲੱਗਦੇ ਆ, ਜਿਹੜਾ ਗਿਆ,ਉਹ ਵੀ ਰੁੱਸਿਆ ਹੀ ਰਿਹਾ, ਪੂਰੇ ਵਿਆਹ 'ਚ, ਇਉਂ ਤਾਂ ਕੋਈ ਵੀ ਨਹੀਂ ਵਿਆਹ 'ਚ ਰੁੱਸਦਾ, ਜਿਵੇਂ ਉਹ ਮਿਲਣੀ ਵੇਲੇ ਰੁੱਸਿਆ,ਫੇਰ ਛਾਪ ਪੁਆ ਵੀ ਲਈ? ਬੇਸ਼ਰਮ ਨੇ। ਮੈਂ ਕਾਰ ਗੈਰਾਜ 'ਚੋਂ ਬਾਹਰ ਕੱਢਦੇ ਨੇ, ਮਨੋ ਮਨੀਂ ਆਪਣੇ-ਆਪ ਨੂੰ ਹੀ ਅਤੀਤ ਨਾਲ ਗੱਲ ਕਰਦਿਆਂ ਕਿਹਾ ਸਿਆਣਿਆਂ ਦੇ ਕਥਨ ਅਨੁਸਾਰ! ਕਾਰਜ ਤਾਂ ਕਿਸੇ ਦਾ ਰੁਕਿਆ ਨੀ,ਕਦੇ! ਮੈਂ ਆਪਣੇ ਆਪੇ ਨਾਲ ਇਹੋ ਜਿਹੀਆਂ ਗੱਲਾਂ ਕਰਦਾ ਰਹਿੰਦਾਪਰ ਜਿਨਾਂ ਦੇ ਮੈਂ ਮੂਹਰੇ ਹੋ ਹੋ ਸਮਾਂ ਤੇ ਪੈਸਾ ਦੋਵੇਂ ਖ਼ਰਚ ਕਰਕੇ ਕਾਰਜ ਕੀਤੇ ਸਨ, ਘਰ ਵਸਾਏ, ਉਹ ਬਿਨਾਂ ਵਜਾ ਨਿੱਕੀ ਜਿਹੀ ਸਚੀ ਅਤੇ ਸਹੀ ਗੱਲ ਕਹਿਣ ਤੋਂ ਮੂੰਹ ਮੋੜ ਲੈਣਗੇ, ਮੈਨੂੰ ਉਮੀਦ ਨਹੀਂ ਸੀ।

ਮੇਰਾ ਬਾਪੂ ਟੁੱਟੇ-ਤਿੜਕੇ ਰਿਸ਼ਤਿਆਂ ਨੂੰ,ਇਸੇ ਸਾਝੀਂ ਬੈਠਕ 'ਚ ਬਹਿ ਕੇ ਜੋੜਦਾ ਰਿਹਾ, ਅੱਜ ਉਸੇ ਈ ਔਲਾਦ 'ਚ ਵਖਰੇਵੇਂ ਪੈ ਗਏ।ਇਹੋ ਕੁਝ ਦੇਖ ਮੈਂ ਖ਼ੁਦ ਟੁੱਟ ਗਿਆ ਹਾਂ, ਕਦੇ ਸੁਪਨੇ 'ਚ ਵੀ ਸੋਚਿਆ ਨਹੀਂ ਸੀ ਕਿ ਇਹ ਆਪਣੇ ਏਨੇ ਬਿਗ਼ਾਨੇ ਹੋ ਜਾਣਗੇ? ਕਦੇ-ਕਦਾਈਂ ਤੂੜੀ ਆਲਾ ਕੋਠਾ ਵੀ ਮੇਰੇ ਸੁਪਨੇ 'ਚ ਆ ਮੇਰੇ ਅਤੀਤ ਨੂੰ ਰੂਪਮਾਨ ਕਰਦਾ,ਬੈਠਕ ਤਾਂ ਮੇਰੇ ਖ਼ਿਆਲਾਂ ਵਿੱਚ ਪੱਕੀ ਬੈਠੀ ਹੋਈ ਸੀ ਪਰ ਉਹ ਮੇਰੀ ਮਾਨਸਿਕਤਾ ਨੂੰ ਸਮਝਦੇ ਨਹੀਂ ਸਨ? ਹੁਣ ਕੋਈ ਨਾ ਕੋਈ ਤਾਂ ਇਸ ਗੱਲ ਦਾ ਕਾਰਨ/ਹਲ ਤਾਂ ਲੱਭਣਾ ਈ ਪੈਣਾ ਐਂ, ਮੇਰੀ ਤਾਂ ਉਹ ਇੱਕ ਤਰ੍ਹਾਂ ਨਾਲ ਪਿੰਡ 'ਚੋਂ ਹੋਂਦ ਈ ਖ਼ਤਮ ਕਰਨ 'ਤੇ ਤੁਲੇ ਹੋਏ ਨੇ, ਘਰ ਵਿੱਚਲੀ ਸਾਂਝੀਂ ਬੈਠਕ ਵਾਂਗ, ਜੋ ਸਾਡੇ ਭਾਈਚਾਰਕ ਅਤੇ ਪਰਿਵਾਰਕ ਸਾਂਝ ਦਾ ਥੰਮ ਸੀ।

ਮੈਂ ਪਤਨੀ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਦਿਆਂ ਕਿਹਾ? ਜਿਸ ਬੈਠਕ ਵਿੱਚ ਕਦੇ ਬਹਿ ਕੇ ਮੈਂ ਬਾਪੂ ਦੀਆਂ ਲਿਖੀਆਂ ਡਾਇਰੀਆਂ ਪੜ੍ਹਦਾ ਪੜ੍ਹਦਾ, ਆਪੇ 'ਚ ਹੀ ਗੁਆਚ ਜਾਂਦਾ, ਜਿਵੇਂ ਬਾਪੂ ਨਾਲ ਗੱਲੀਂ ਲੱਗ ਜਾਂਦਾ ਸਾਂ, ਕਈ ਜਗ੍ਹਾ ਮੁਲਕ ਦੀ ਵੰਡ ਦੀਆਂ ਲਿਖੀਆਂ ਗੱਲਾਂ ਪੜ੍ਹ ਕੇ ਦਿਲ ਉਦਾਸ ਹੋ ਜਾਂਦਾ, ਜੋ ਹੁਣ ਮੇਰੇ ਨਾਲ ਹੋ ਰਹੀਆਂ ਹਨ। ਮੈਂ ਆਪਣੀ ਪਹਿਲੀ ਤਨਖਾਹ ਵੀ ਬਾਪੂ ਨੂੰ ਇਸੇ ਬੈਠਕ 'ਚ ਫੜਾਈ ਸੀ, ਬਾਪੂ ਨੇ ਮੱਥੇ ਨਾਲ ਨਸਾਰਕੇ ਸਾਰੀ ਦੀ ਸਾਰੀ ਤਨਖਾਹ ਮੁੜ ਮੇਰੀ ਜੇਬ ਪਾਉਂਦਿਆਂ ਕਿਹਾ, ਪੁੱਤ ਸਵੇਰੇ ਗੁਰੂ ਘਰ ਜਾ ਕੇ ਦਸਵੰਦ ਕੱਢ ਕੇ ਬਾਬੇ ਦਾ ਸ਼ੁਕਰਾਨਾ ਕਰਕੇ ਹੀ ਦਫ਼ਤਰ ਜਾਈਂ, ਨਾਲੇ ਬਾਪੂ ਨੇ ਸਿਰ 'ਤੇ ਹੱਥ ਰੱਖ ਮੈਨੂੰ ਆਸ਼ੀਰਵਾਦ ਦਿੱਤਾ ਸੀ? ਮੇਰੀਆਂ ਕਿੰਨੀਆਂ ਹੀ ਯਾਦਾਂ ਇਸ ਬੈਠਕ ਨਾਲ ਜੁੜੀਆਂ ਹੋਈਆਂ ਹਨ।ਇਸੇ ਬੈਠਕ 'ਚ ਬਹਿ ਬੇਬੇ,ਬਾਪੂ ਨੇ ਵੱਡੀਆਂ ਭੈਣਾਂ ਨੂੰ ਬੀਬੀ, ਵੱਡਿਆਂ ਨੂੰ ਬਾਈ ਜੀ ਕਹਿਣ ਦੀ ਸਿਖਿਆ ਦਿੱਤੀ ਸੀ ਪਰ ਅੱਜ ਉਹ ਸਭ ਮੇਰੇ ਲਈ ਬਿਗਾਨੇ ਕੀ,ਸਤ ਬਿਗਾਨੇ ਹੋ ਗਏ ਹਨ? ਪੁੱਤ ਬਹੂ ਨੂੰ ਵੀ ਨਾਲ ਲੈ ਆਉਣਾ ਤੀ, ਮਿਲ-ਗਿਲ ਜਾਂਦੀ ਸੁੱਖ ਨਾਲ, ਨਾਲ ਦੇ ਵਾਸੂ ਘਰ 'ਚੋਂ ਬੇਬੇ ਦੀ ਕਦੇ ਅਵਾਜ਼ ਕਹਿੰਦੀ ਸੁਣਦੀ ਦਾ ਮੈਨੂੰ ਜਿਵੇਂ ਭੁਲੇਖਾ ਜਿਹਾ ਪੈਂਦਾ?

ਬੋਗਨਬਿਲਆਂ ਦੀਆਂ ਵੇਲਾਂ ਦੀ ਅਣਹੋਂਦ ਦੇਖ ਕੇ ਮਨ ਭਰ ਆਉਂਦਾ, ਜਿਹੜੀਆਂ ਮੈਂ ਨਰਸਰੀ ਤੋਂ ਖ਼ੁਦ ਖ਼ਰੀਦ ਕੇ ਵਾਸੂ ਘਰ ਦੇ ਗੇਟ ਮੂਹਰੇ ਮਹਿਮਾਨ ਨਿਵਾਜ਼ੀ ਦੇ ਸਵਾਗਤ ਵਜੋਂ ਲਾਈਆਂ ਸਨ, ਜੋ ਸਾਡੇ ਘਰ ਦੀ ਪਛਾਣ ਬਣ ਗਈਆਂ ਸਨ, ਜਿਸ ਘਰ ਦਾ ਕਣ ਕਣ ਮੇਰੇ ਸੁਭਾਅ ਤੋਂ ਵਾਕਿਫ਼ ਸੀ ਪਰ ਹੁਣ ਓਸੇ ਘਰ-ਬਾਰ 'ਚ ਮੈਂ ਓਪਰਾ ਹੋ ਗਿਆ ਹਾਂ, ਉਹ ਪ੍ਰੇਮ, ਪਿਆਰ, ਅਪਣੱਤ ਸਭ ਕੁਝ ਗਾਇਬ ਹੈ। ਭਜਨ ਸਿੰਆਂ ਘਰ ਦਾ ਨਕਸ਼ਾ ਈ ਬਦਲਤਾ,ਹੁਣ ਤਾਂ ਅਗਲਿਆਂ ਨੇ, ਨਾ ਬਾਪੂ ਆਲੀ ਬੈਠਕ ਤੇ ਨਾ ਹੀ ਬੇਬੇ ਆਲਾ ਵਾਸੂ ਘਰ, ਹੁਣ ਤਾਂ ਉਥੇ ਮਕਾਨ ਉਸਾਰ ਲਏ ਨੇ ਪ੍ਰੇਮ-ਪਿਆਰ ਤੋਂ ਵਿਹੂਣੇ, ਮੋਹ ਅਤੇ ਹ੍ਉਮੇ 'ਚ ਗਰਸੇ ਬਿਗਾਨੇ ਹੋਏ,ਮੇਰੇ ਆਪਣਿਆਂ ਨੇ, ਮੈਂ ਇਹੋ ਕੁੱਝ ਹਰ ਪਲ ਸੋਚਦੇ ਰਹਿਣਾ ਦਿਲ 'ਚ ਹੌਲ ਜਿਹੇ ਪੈਂਦੇ ਰਹਿੰਦੇ, ਮੇਰਾ ਹੌਸਲਾ ਟੁੱਟਦਾ-ਤਿੜਕਦਾ ਰਹਿੰਦਾ, ਕਦੇ ਹੌਸਲਾ ਫੜਦਾ ਰਹਿੰਦਾ? ਆਪੇ ਨੂੰ ਕਹਿੰਦਾ ਨਹੀਂ ਉਹ ਤਾਂ ਮੇਰੇ ਆਪਣੇ ਨੇ। ਪੰਚਾਇਤ, ਕੋਰਟ, ਕਚਹਿਰੀ ਜਾਣ ਦੇ ਉਨਾਂ ਦੇ ਕੀਤੇ ਧਮਕੀ ਭਰੇ ਚੈਲੰਜਿ ਨੂੰ ਮੈਂ ਕਬੂਲਦਾ ਹੋਇਆ ਵੀ ਕਬੂਲ ਨਾ ਸਕਿਆ, ਇਨ੍ਹਾਂ ਗੱਲਾਂ 'ਤੇ ਗੁੱਸਾ ਆਉਣਾ ਸੁਭਾਵਿਕ ਸੀ। ਕਿਉਂਕਿ ਮੇਰੇ ਮਨ 'ਚ ਉਨ੍ਹਾਂ ਪ੍ਰਤੀ ਲੜਨ ਵਾਲੀ ਕੁੜੱਤਣ ਨਹੀਂ, ਸਗੋਂ ਅਪਣੱਤ ਆਲਾ ਗੁੱਸਾ ਜ਼ਰੂਰ ਹੈ। ਮੈਂ ਲੋਕਾਂ ਨੂੰ ਤਮਾਸ਼ਾ ਦਿਖਾਉਣ ਦੇ ਹੱਕ 'ਚ ਨਹੀਂ ਹਾਂ। ਉਥੇ ਮੇਰੀ ਮਾਨਸਿਕ ਹਾਲਤ ਨੂੰ ਸਮਝਣ ਵਾਲਾ ਦਿੱਸਦਾ ਈ ਕੋਈ ਨਹੀਂ ਹੈ? ਜਿਨ੍ਹਾਂ ਨੇ ਇਨ੍ਹਾਂ ਨਾਲ ਤੇ ਇਸ ਪਰਿਵਾਰ ਨਾਲ ਵਧੀਕੀਆਂ, ਜ਼ਿਆਦਤੀਆਂ ਕੀਤੀਆਂ, ਹੁਣ ਵੀ ਉਹ ਆਪਸੀ ਨਫ਼ਰਤ ਪੈਦਾ ਕਰਨ 'ਚ ਆਪਣਾ ਪੂਰੇ ਦਾ ਪੂਰਾ ਰੋਲ ਨਿਭਾ ਰਹੇ ਹਨ ਪਰ ਇਹ ਸਭ ਕੁਝ ਭੁਲਾ ਕੇ ਉਨ੍ਹਾਂ ਨਾਲ ਘਿਓ-ਖਿੱਚੜੀ ਬਣੇ ਹਨ।ਬੜਾ ਤਰਸ ਭਰਿਆ ਗੁੱਸਾ ਆਉਂਦਾ ਹੈ?

ਇਨ੍ਹਾਂ ਦੀ ਸੋਚ ਤੇ ਮਰੀ ਹੋਈ ਜ਼ਮੀਰ ਉਪਰ ਜੋ ਸੱਚ ਸੁਣਨ ਲਈ ਤਿਆਰ ਨਹੀਂ ਹਨ। ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ,ਉਨਾਂ ਬਾਰੇ ਕਿ ਏਨਾ ਬਦਲ ਜਾਣਗੇ, ਇਹ ਮੇਰੇ ਨਾਲ,ਕਦੇ ਕਦੇ ਮੇਰਾ ਮਨ ਭਰ ਆਉਂਦਾ, 'ਲੈ ਜੀ ਤੁਸੀਂ ਕਾਹਤੋਂ ਮਨ ਹੌਲਾ ਕਰਦੇ ਓ, ਹਲ ਤਾਂ ਵਟ ਪਿਆ ਜੀ, ਹੁਣ ਮਨਾਂ 'ਚ ਪਈਆਂ ਵੱਟਾਂ, ਖੇਤਾਂ 'ਚ ਵੀ ਪੈਣਗੀਆਂ ਤੇ ਘਰਾਂ 'ਚ ਕੰਧਾਂ ਵੀ ਹੋਣਗੀਆਂ, ਪਤਨੀ ਮੇਰੀ ਤਰਸਯੋਗ ਹਾਲਤ ਦੇਖ ਬੋਲੀ, 'ਜਦੋਂ ਆਪਾਂ ਪਿੰਡੋਂ, ਸ਼ਹਿਰ ਆਏ ਸੀ, ਉਦੋਂ ਕੁਝ ਵੀ ਤਾਂ ਪਿੰਡੋਂ ਨਾਲ ਨਹੀਂ ਸੀ ਲੈ ਕੇ ਆਏ।ਹੁਣ! ਫੇਰ ਪਾਈ ਪਾਈ ਵੰਡਾ ਲੋ, ਆਪਣੀ ਸਾਝੀਂ ਵਿਰਾਸਤ 'ਚੋਂ। ਆਪਣੇ ਮਾਂ-ਬਾਪ ਆਲੀ ਜਾਇਦਾਦ ਤੇ ਨਾਲੇ ਮੇਰੇ ਪੇਕਿਆਂ ਦਾ ਦਿੱਤਾ ਸਾਰੇ ਦਾ ਸਾਰਾ ਸਮਾਨ, ਟੂੰਮ ਟਲਾ, ਸਕੂਟਰ, ਬੈੱਡ, ਸੋਫਾ ਸੈੱਟ, ਲੋਹੇ ਦੀਆਂ ਕੁਰਸੀਆਂ, ਸਾਂਝੇ ਵਾਸੂ ਘਰ ਦੀਆਂ ਗਾਡਰਾਂ ਵਰਗੀਆਂ ਸ਼ਤੀਰੀਆਂ, ਹੋਰ ਨਿੱਕ-ਸੁੱਕ ਤੇ ਸਾਂਝੀ ਜਗਾ ਵੀ ਜਿਹੜੀ ਸਭ ਓਹੀ ਦੋਏ ਟੱਬਰ ਵਰਤਦੇ ਨੇ, ਪਤਨੀ ਇਕੋ ਸਾਹੇ ਬਹੁਤ ਕੁਝ ਕਹਿ ਗਈ? ਉਹ ਜੈ ਖਾਣੀ ਦੀ ਸਾਂਝੀਂ ਬੈਠਕ ਜਿਹੜੀ ਕਹਿੰਦੇ ਸੀ, ਤੈਨੂੰ ਦਿੱਤੀ ਜਾਵੇਗੀ, ਉਹਦਾ ਨਾਮੋ ਨਿਸ਼ਾਨ ਈ ਮਿਟਾਤਾ, ਨਾਲੇ ਬੈਠਕ ਵਿਚਲਾ ਸਮਾਨ ਪਤਾ ਨੀ ਕਿਥੇ ਖ਼ੁਰਦ-ਬੁਰਦ ਕਰਤਾ? ਬੈਠਕ ਵੀ ਕਿਤੇ ਵੱਡਾ ਮਸਲਾ ਨਾ ਬਣ ਜਾਵੇ, ਮੈਂ ਅੰਦਰ ਵੜ ਕਈ ਵਾਰ ਉਨਾਂ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਹਰੇਕ ਵਾਰ ਮੈਂ ਅਸਫ਼ਲ ਰਿਹਾ।ਕਿਉਂਕਿ ਮੈਂ ਜ਼ਿਆਦਾਤਰ ਸੱਚ ਬੋਲ ਜਾਂਦਾ। 'ਜੀ ਤੂੰ ਤਾਂ ਜਿਵੇਂ ਮਤਰੇਆ ਹੋਵੇਂ,ਸ੍ਰੀਮਤੀ ਜੀ ਨੇ ਫੇਰ ਮੈਨੂੰ ਜਿਵੇਂ ਮਤ ਦਿੰਦਿਆ ਕਿਹਾ?

ਲੈ ਬਈ ਭਜਨ ਸਿਆਂ ਕਰ ਗਲ ਹੁਣ ਪਿੰਡ ਜਾ ਕੇ ਉਨ੍ਹਾਂ ਨਾਲ ਜਿਨ੍ਹਾਂ ਨੇ ਇਸ ਬੈਠਕ ਦੇ ਇਤਿਹਾਸ ਤੋਂ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਕੋਈ ਸਬਕ ਨਹੀਂ ਸਿੱਖਿਆ, ਉਹੀ ਪਰਿਵਾਰਕ ਵੰਡ ਦਾ ਇਤਿਹਾਸ ਮੁੜ ਦੁਹਰਾਇਆ ਜਾ ਰਿਹਾ ਹੈ,ਜੋ ਪਹਿਲਾਂ ਵੀ ਪਰਿਵਾਰ ਨਾਲ ਟੁੱਟਣ-ਤਿੜਕਣ ਦਾ ਇਕ ਵਾਰ ਕਾਰਨ ਬਣਿਆ ਸੀ, ਹੁਣ ਫਿਰ ਪੜ੍ਹੇ ਲਿਖੇ ਪਰਿਵਾਰ 'ਚ ਇਹੋ ਅਲੋਕਾਰ ਵਰਤਾਰਾ ਵਰਤ ਰਿਹਾ ਹੈ, ਜੋ ਕੁੱਝ ਦਹਾਕੇ ਪਹਿਲਾਂ ਵੀ ਇਸ ਘਰ-ਪਰਿਵਾਰ ਦੀ ਸਹੀ ਵੰਡ ਨਹੀਂ ਹੋਈ । ਪਹਿਲੀ ਪੀੜ੍ਹੀ 'ਚ ਹੀ ਮਨਾਂ 'ਚ ਏਨੀ ਨਫ਼ਰਤ ਦੀਆਂ ਵੱਟਾਂ ਤੇ ਖ਼ਾਮੋਸ਼ੀ ਦੀਆਂ ਕੰਧਾਂ ਉਸਾਰ ਰਹੇ ਨੇ,ਜਿਵੇ ਮੈਂ ਕਿਸੇ ਹੋਰ ਗ੍ਰਹਿ ਦਾ ਵਾਸੀ ਹੋਵਾਂ, ਕਦੇ ਸੁਪਨੇ ਵਾਂਗੂ ਮੁੜ ਉਮੀਦ ਜਾਗਦੀ ਹੈ ਕਿ ਸ਼ਾਇਦ ਉਨ੍ਹਾਂ ਦੇ ਮਨਾਂ 'ਚ ਪਈ ਨਫ਼ਰਤ ਦੀ ਵੱਟ ਖੁਰ ਮਿਟ ਗਈ ਹੋਵੇ ਤੇ ਖਾਮੋਸ਼ੀ ਦੀ ਦੀਵਾਰ ਢਹਿ ਗਈ ਹੋਵੇ,ਅਕਸਰ ਮੇਰਾ ਅੰਦਰਲਾ ਮਨੀ ਰਾਮ, ਇਸੇ ਉਮੀਦ ਨਾਲ ਮੈਨੂੰ ਕੋਈ ਗਲਤ ਕਦਮ ਪੁੱਟਣ ਤੋਂ ਰੋਕਦਾ ਰਹਿੰਦਾ ਹੈ? ਭਾਵੇਂ ਮੇਰੇ ਹਿੱਸੇ ਆਈ 'ਸਾਂਝੀ ਬੈਠਕ' ਘਰ 'ਚੋਂ ਹੁਣ ਗੁਆਚ ਗਈ, ਮੈਂ ਫੇਰ ਵੀ ਆਪਣੇ ਜੋਗੀ ਗੁਆਚੀ ਥਾਂ ਦੀ ਭਾਲ 'ਚ ਹਾਂ ਕਿ ਸ਼ਾਇਦ! ਇਹੋ ਕੁਝ ਸੋਚਦੇ ਨੇ, ਮੈਂ ਗੱਡੀ ਪਿੰਡ ਨੂੰ ਜਾਂਦੀ ਸੂਏ ਆਲੀ ਸੜਕ 'ਤੇ ਪਾ ਤੇਜ਼ੀ ਨਾਲ ਦੌੜਾ ਲਈ, ਜਿਵੇਂ ਮੈਂ ਤੇ ਮੇਰੀ ਜਨਮ-ਭੋਇੰ, ਇੱਕ ਦੂਜੇ ਨੂੰ ਗਲਵਕੜੀ ਪਾ ਮਿਲਣ ਨੂੰ ਬੇਹੱਦ ਕਾਹਲੇ ਹੋਈਏ?

# ਤਰਕਸ਼ੀਲ ਲਹਿਰ ਧਰਮ ਵਿਰੋਧੀ ਨਹੀਂ ਬਲਕਿ ਵਿਗਿਆਨਕ ਆਧਾਰ ਤੇ ਵਹਿਮਾਂ ਭਰਮਾਂ ਦਾ ਕਰਦੀ ਹੈ ਵਿਰੋਧ ਰੱਲਾ

ਲੋਕ ਬਾਣੀ



ਮੋਗਾ -- ਅੱਜ ਤਰਕਸ਼ੀਲ ਸੁਸਾਇਟੀ ਭਾਰਤ ਦੀ ਪੰਜਾਬ ਇਕਾਈ ਦੀ ਇੱਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਮੇਘਰਾਜ ਰੱਲਾ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਨਛੱਤਰ ਸਿੰਘ ਭਵਨ ਮੋਗਾ ਵਿਖੇ ਹੋਈ। ਇਸ ਮੀਟਿੰਗ ਵਿੱਚ ਮੋਗਾ ਸਮੇਤ ਵੱਖ ਵੱਖ ਜਿਲ੍ਹਿਆਂ ਤੋਂ ਤਰਕਸ਼ੀਲ ਲਹਿਰ ਨਾਲ ਜੁੜੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦਾ ਮੁੱਖ ਏਜੰਡਾ ਅਜੋਕੇ ਸਮਾਜ ਵਿੱਚ ਵਹਿਮਾਂ ਭਰਮਾਂ ਦੇ ਫੈਲਾਅ ਨੂੰ ਠੱਲ੍ਹ ਪਾਉਣ, ਇਸ ਨਾਲ ਵਿਗੜ ਰਹੀ ਲੋਕਾਂ ਦੀ ਮਾਨਸਿਕ ਸਿਹਤ ਨੂੰ ਤੰਦਰੁਸਤ ਬਨਾਉਣ ਅਤੇ ਲੋਕਾਂ ਦੀ ਮਿਹਨਤ ਦੀ ਕਮਾਈ ਦੀ ਹੋ ਰਹੀ ਲੁੱਟ ਨੂੰ ਠੱਲ੍ਹ ਪਾਉਣ ਸਬੰਧੀ ਵਿਚਾਰ ਵਟਾਂਦਰਾ ਕਰਕੇ ਪੂਰੇ ਪੰਜਾਬ ਵਿੱਚ ਸੁਸਾਇਟੀ ਦੀਆਂ ਗਤੀਵਿਧੀਆਂ ਨੂੰ ਤੇਜ ਕਰਨ ਸਬੰਧੀ ਸੀ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਸੂਬਾਈ ਪ੍ਰਧਾਨ ਮੇਘਰਾਜ ਰੱਲਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜਿਆਦਾਤਰ ਲੋਕ ਤਰਕਸ਼ੀਲਾਂ ਨੂੰ ਧਰਮ ਵਿਰੋਧੀ ਸਮਝਦੇ ਹਨ ਕਿਉਂਕਿ ਕੁੱਝ ਤਥਾਕਥਿਤ ਤਰਕਸ਼ੀਲਾਂ ਨੇ ਧਰਮ ਨੂੰ ਵੰਗਾਰ ਕੇ ਇਸ ਲਹਿਰ ਪ੍ਰਤੀ ਲੋਕਾਂ ਦਾ ਮੋਹ ਭੰਗ ਕਰ ਦਿੱਤਾ ਹੈ। ਜਦਕਿ ਤਰਕਸ਼ੀਲਤਾ ਨਿਰੋਲ ਵਿਗਿਆਨ ਦੀ ਕਸਵੱਟੀ ਤੇ ਹਰ ਗੱਲ ਨੂੰ ਪਰਖ ਕੇ ਜਿੰਦਗੀ ਵਿੱਚ ਅੱਗੇ ਵਧਣ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਧਰਮ ਵੀ ਇੱਕ ਵਿਗਿਆਨ ਹੈ, ਜਿਸ ਦੀ ਉਤਪੱਤੀ ਸਮਾਜ ਨੂੰ ਨਿਯਮਤ ਅਤੇ ਅਨੁਸਾਸ਼ਨ ਬੱਧ ਰੱਖਣ ਲਈ ਹੋਈ ਸੀ। ਸਾਡੇ ਸਮਾਜ ਦੀਆਂ ਬਹੁਤ ਸਾਰੀਆਂ ਰੀਤਾਂ ਵਿਗਿਆਨਕ ਕਸਵੱਟੀ ਤੇ ਖਰੀਆਂ ਉਤਰਦੀਆਂ ਹਨ ਜਿਵੇਂ ਵਰਤ ਰੱਖਣਾ, ਬਾਸੜੀਆ ਪੂਜਣਾ, ਠੰਡੀ ਸੱਤੇ ਆਦਿ। ਤਰਕਸ਼ੀਲ ਲਹਿਰ ਸਿਰਫ ਮਨੁੱਖ ਨੂੰ ਮੂਰਖ ਬਣਾ ਕੇ ਜਾਂ ਮਾਨਸਿਕ ਤੌਰ ਤੇ ਗੁਲਾਮ ਬਣਾ ਕੇ ਉਸ ਤੋਂ ਕਰਵਾਏ ਜਾਣ ਵਾਲੇ ਗੈਰ ਵਿਗਿਆਨਕ ਕੰਮਾਂ ਦਾ ਖੰਡਨ ਅਤੇ ਵਿਰੋਧ ਕਰਦੀ ਹੈ, ਇਸ ਲਈ ਉਨ੍ਹਾਂ ਧਾਰਮਿਕ ਲੋਕਾਂ ਨੂੰ ਵੀ ਇਸ ਲਹਿਰ ਹਿੱਸਾ ਬਨਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੋ ਆਪਣੇ ਧਰਮ ਵਿੱਚ ਫੈਲੀਆਂ ਕੁਰੀਤੀਆਂ ਅਤੇ ਵਹਿਮਾਂ ਨੂੰ ਖਤਮ ਕਰਨਾ ਚਾਹੁੰਦੇ ਹਨ। ਉਨ੍ਹਾਂ ਮੋਗਾ ਜਿਲ੍ਹੇ ਦੀ ਅਗਵਾਈ ਉਘੇ ਸਮਾਜ ਸੇਵੀ ਅਤੇ ਤਰਕਸ਼ੀਲ ਲਹਿਰ ਦੇ ਪੁਰਾਣੇ ਆਗੂ ਮਹਿੰਦਰ ਪਾਲ ਲੂੰਬਾ ਨੂੰ ਸੌਂਪਦਿਆਂ ਜਿਲ੍ਹਾ ਯੂਨਿਟ ਦਾ ਗਠਨ ਕਰਵ ਦੇ ਅਧਿਕਾਰ ਸੌਂਪੇ। ਸੂਬਾਈ ਜਨਰਲ ਸਕੱਤਰ ਗੁਰਨਾਮ ਮਹਿਸਮਪੁਰੀ ਨੇ 13 ਅਪ੍ਰੈਲ ਨੂੰ ਵਿਸਾਖੀ ਮੌਕੇ ਪਿੰਡ ਮਹਿਤਪੁਰ ਜਲੰਧਰ ਵਿਖੇ ਲਗਾਏ ਜਾ ਰਹੇ ਤਰਕਸ਼ੀਲ ਮੇਲੇ ਬਾਰੇ ਜਾਣਕਾਰੀ ਦਿੱਤੀ ਅਤੇ ਸਭ ਨੂੰ ਇਸ ਮੇਲੇ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਬਹੁਤ ਸਾਰੇ ਨਵੇਂ ਮੈਂਬਰਾਂ ਨੇ ਤਰਕਸ਼ੀਲ ਸੁਸਾਇਟੀ ਦੀ 100 ਰੁਪਏ ਅਦਾ ਕਰਕੇ ਮੈਂਬਰਸ਼ਿਪ ਪ੍ਰਾਪਤ ਕੀਤੀ । ਅੰਤ ਵਿੱਚ ਮਹਿੰਦਰ ਪਾਲ ਲੂੰਬਾ ਨੇ ਸੂਬਾ ਕਮੇਟੀ ਦਾ ਵਿਸਵਾਸ਼ ਪ੍ਰਗਟ ਕਰਵ ਲਈ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਤੋਂ ਹੀ ਮੋਗਾ ਇਕਾਈ ਲਈ ਮੈਂਬਰਸ਼ਿਪ ਮੁਹਿਮ ਸ਼ੁਰੂ ਕਰ ਦਿੱਤੀ ਗਈ ਹੈ ਤੇ ਬਹੁਤ ਜਲਦ ਮੋਗਾ ਇਕਾਈ ਦਾ ਗਠਨ ਕਰ ਦਿੱਤਾ ਜਾਵੇਗਾ। ਇਸ ਮੌਕੇ ਕੁਲਦੀਪ ਸਿੰਘ ਮੱਲ੍ਹੀ, ਡਾ ਜਸਵੰਤ ਸਿੰਘ ਧਰਮਕੋਟ, ਰਾਕੇਸ਼ ਰਾਣਾ, ਸਤਨਾਮ ਸਿੰਘ ਜਵੰਦਾ ਬਰਨਾਲਾ, ਜਸਵੀਰ ਸਿੰਘ ਮੰਡੇਰ ਸੰਗਰੂਰ, ਭੁਪਿੰਦਰ ਸਿੰਘ ਧੂੰਨਾ, ਦਲਜੀਤ ਸਿੰਘ ਮਹਿਤਪੁਰ, ਅਮਰਜੀਤ ਸਿੰਘ ਜੱਸਲ, ਸਵਰਨ ਸਿੰਘ, ਭੁਪਿੰਦਰ ਸਿੰਘ ਅਤੇ ਲਖਵੀਰ ਸਿੰਘ ਦੌਲੇਵਾਲਾ, ਗੁਰਚਰਨ ਸਿੰਘ ਪੱਤੋ, ਨਿਰਮਲ ਸਿੰਘ ਰਣਸੀਂਹ ਕਲਾਂ, ਸੁਨੀਤਾ ਸ਼ਰਮਾ, ਸ਼ੰਕਰ ਯਾਦਵ, ਨਿੱਕਾ ਸਿੰਘ, ਰਾਜੀਵ ਕੁਮਾਰ, ਹੰਸ ਰਾਜ ਅਤੇ ਹਰਜੀਤ ਸਿੰਘ ਸਿੰਘਾਂਵਾਲਾ ਆਦਿ ਹਾਜ਼ਰ ਸਨ।

# ਖਾਟੂ ਸ਼ਿਆਮ ਜੀ ਦਾ 15ਵਾਂ ਵਿਸ਼ਾਲ ਜਾਗਰਣ ‘ਚ ਸ਼ਰਧਾਲੂਆਂ ਦੀ ਉਮੜੀ ਭੀੜ

ਲੋਕ ਬਾਣੀ



ਜੈਤੋ, (ਮੰਨੂ ਪਰਾਸ਼ਰ): ਇਲਾਕੇ ਦੀ ਪ੍ਰਸਿੱਧ ਧਾਰਮਿਕ ਸੰਸਥਾ ਸ਼੍ਰੀ ਸ਼ਿਆਮ ਪ੍ਰਚਾਰ ਮੰਡਲ ਇਕਾਈ ਜੈਤੋ ਵੱਲੋਂ ਖਾਟੂ ਸ਼ਿਆਮ ਜੀ ਦਾ 15ਵਾਂ ਵਿਸ਼ਾਲ ਜਾਗਰਣ ਸਥਾਨਕ ਰਾਮ ਲੀਲਾ ਗਰਾਉਂਡ ਵਿੱਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਸ਼੍ਰੀ ਸ਼ਿਆਮ ਸੇਵਾ ਮੰਡਲ ਤੇ ਸ਼੍ਰੀ ਸ਼ਿਆਮ ਸੇਵਾ ਮਿੱਤਰ ਮੰਡਲ ਦਾ ਸਹਿਯੋਗ ਵੀ ਇਸ ਜਾਗਰਣ ਲਈ ਰਿਹਾ। ਇਸ ਜਾਗਰਣ ਮੌਕੇ ਸੁੰਦਰ ਦਰਬਾਰ, ਅਲੌਕਿਕ ਸ਼ਿੰਗਾਰ, ਛੱਪਣ ਭੋਗ, ਵਿਸ਼ਾਲ ਭੰਡਾਰਾ ਤੇ ਸੁੰਦਰ ਝਾਕੀਆਂ ਵਿਖਾਈਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਇਲਾਕੇ ਉੱਘੇ ਸੰਤ ਰਿਸ਼ੀ ਰਾਮ ਜੀ ਜਲਾਲ ਵਾਲੇ ਸਨ ਜਦਕਿ ਪੂਜਨ ਸੀ.ਏ. ਨਵਲ ਸਿੰਗਲਾ ਨੇ ਆਪਣੇ ਪਰਿਵਾਰ ਨਾਲ ਕਰਵਾਇਆ ਅਤੇ ਜੋਤੀ ਪ੍ਰਚੰਡ ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਸ਼ਿਵਾਲਿਕ ਪਬਲਿਕ ਸਕੂਲ ਜੈਤੋ ਦੇ ਕਨੱਹੀਆ ਲਾਲ, ਗੌਰਵ ਗਰਗ ਲੱਕੀ ਨੇ ਆਪਣੇ ਕਰ ਕਮਲਾਂ ਨਾਲ ਸ਼ਰਧਾਪੂਰਵਕ ਕੀਤਾ ਗਿਆ। ਪੰਡਿਤ ਸ਼ਿਵ ਕੁਮਾਰ ਸ਼ਰਮਾ ਨੇ ਯਜਮਾਨਾਂ ਨਾਲ ਸ਼ਰਧਾ ਪੂਰਵਕ ਪੂਜਨ ਕਰਵਾਇਆ। ਮਸ਼ਹੂਰ ਧਾਰਮਿਕ ਗਾਇਕ ਕੁਮਾਰ ਦਵਿੰਦਰ ਦਿੱਲੀ ਵਾਲੇ, ਮਨੀਸ਼ਾ ਠਾਕੁਰ ਬਰਸਾਨਾ ਵਾਲੇ ਤੇ ਵਿਨੈ ਸ਼ਰਮਾ ਨਿੱਜ ਪੁਜਾਰੀ ਨੇ ਜਾਗਰਣ ਮੌਕੇ ਭਜਨ ਗਾਇਨ ਕਰਕੇ ਸ਼ਰਧਾਲੂਆਂ ਨੂੰ ਮੰਤਰ ਮੁਗਧ ਕੀਤਾ। ਜਾਗਰਣ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਖੇਤੀ ਵਿਰਾਸਤ ਮਿਸ਼ਨ ਦੇ ਸੰਚਾਲਕ ਉਮੇਂਦਰ ਦੱਤ, ਜਿਲਾ ਭਾਰਤੀ ਜਨਤਾ ਪਾਰਟੀ ਪ੍ਰਧਾਨ ਗੌਰਵ ਕੱਕੜ, ਦਿਲਬਾਗ ਬਾਗ਼ੀ ਸ਼ਰਮਾ, ਸਚਿਨ ਸ਼ਰਮਾ, ਕਾਕਾ ਮੋਤੀ ਸਵੀਟ ਨਤਮਸਤਕ ਹੋਏ।ਇਸ ਮੌਕੇ ਚੰਦਰ ਮੋਹਨ, ਗੋਨੀ ਮਿੱਤਲ, ਲੱਕੀ ਗੋਇਲ, ਵਿਕਾਸ ਬਾਂਸਲ, ਰਾਜਨ ਬਾਂਸਲ, ਸ਼ੰਕਰ ਗਰਗ, ਅਜੇ ਕੁਮਾਰ, ਪ੍ਰੇਮ ਨਾਥ ਪ੍ਰੇਮੀ , ਸੈਰੀ ਗਰਗ, ਸੁਰੇਸ਼ ਕੁਮਾਰ ਚਾਂਦੀ, ਸ਼ੰਟੀ ਕੁਮਾਰ, ਐਡਵੋਕੇਟ ਸੰਜੀਵ ਮਿੱਤਲ, ਸੰਧੀਰ ਗਰਗ, ਸ਼ਿੰਦਾ ਸੋਢੀ, ਲਖਨ ਮਿੱਤਲ, ਹੈਪੀ ਜਿੰਦਲ, ਲੱਕੀ ਗੋਇਲ ਜੂਨੀਅਰ, ਸੋਨੂੰ ਸੋਢੀ, ਗੋਪਾਲ ਕੁਮਾਰ ਹਾਜ਼ਰ ਸਨ। ਇਸ ਮੌਕੇ ਸ਼ਰਧਾਲੂਆਂ ਦੀ ਭੀੜ ਉਮੜੀ ਹੋਈ ਸੀ ਜਿੰਨਾ ਨੇ ਖਾਟੂ ਸ਼ਿਆਮ ਜਾਗਰਣ ਦਾ ਖ਼ੂਬ ਆਨੰਦ ਮਾਣਿਆ। ਇਸ ਅਵਸਰ ‘ਤੇ ਬਾਬਾ ਖਾਟੂ ਸ਼ਿਆਮ ਭੰਡਾਰਾ ਪ੍ਰਸ਼ਾਦ ਹਜ਼ਾਰਾਂ ਲੋਕਾਂ ਨੂੰ ਵਰਤਾਇਆ ਗਿਆ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com